
ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

27

October-December 2017

# ਸੈਣੀ ਸੰਸਾਰ
# Saini Sansar



## ਨਾਸਿਰੋ ਮਨਸੂਰ - ਗੁਰੂ ਗੋਬਿੰਦ ਸਿੰਘ
## ਬਾਦਸ਼ਾਹ ਦਰਵੇਸ਼ - ਗੁਰੂ ਗੋਬਿੰਦ ਸਿੰਘ

### ਅੰਦਰ ਪੜ੍ਹੋ

- ਸੱਤ ਦਿਨ ਜਿਨ੍ਹਾਂ ਦੁਨੀਆਂ ਹਿਲਾ ਦਿੱਤੀ
- ਹਿਸਟਰੀ ਆਫ਼ ਰੂਪਨਗਰ
- ਸੈਣੀ ਭਵਨ ਦੀਆਂ ਸਰਗਰਮੀਆਂ
- ਭੁੱਲੀਆਂ ਵਿੱਸਰੀਆਂ ਦੇਸੀ ਖੇਡਾਂ
- ਮਹਾਨ ਸਖ਼ਸ਼ੀਅਤਾਂ
- ਰੌਚਿਕ ਸਾਹਿਤਕ ਰਚਨਾਵਾਂ
- ਸਿਹਤਮੰਦ ਜੀਵਨ ਜਾਚ
- ਮੈਟਰੀਮੋਨੀਅਲਜ਼

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

 R.N.I. No. : PUNBIL/2011/48578

Volume - VII, Issue - IV

# Saini Sansar

(Quarterly)

October - December 2017

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :
- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**PATRON**

**Sh. L.R. Mundra**
Asstt. Police Commissioner
(Delhi) (Retd.)

**CHIEF EDITOR**

**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate
(Retd.)
Ph. : 94646-49922

**MANAGER (Circulation)**
**S. Ajmer Singh Dhamrait**
Supdt. Edu. Deptt. (Retd.)
Ph. : 9417586075

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Gurcharan Singh**
Supdt. Edu. Deptt. (Retd.)
Ph. : 01881220040

**ADVISORS :**

**India** : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

**Australia** : **S. Malkiat Singh Saini,**
#4, Arnika Court, Jereme Grove, Glenwoood, Sydney-Australia

**U.S.A.** : **Dr. Manavpreet Kaur** Professor (English)
# 2421, Bryce Wood Lane, Plano-Tx-75025 (USA).

**U.K.** : **Sh. Tarsem Singh Saini**
# 14, Forest Road, Cambridge-CB1 9JB (U.K.)

**Canada** : **Dr. D.P. Singh**
# 2516, Pollard, Drive Mississauga, Ontario, Canada-LSC3HI

| Subscription / Assistance Money | India | Abroad |
|---|---|---|
| One Copy | ₹ 30 | 2 £, 4 $, 4 € |
| Annual (Four Copies) | ₹ 100 | 8 £, 15 $, 15 € |
| For Five Years | ₹ 500 | 40 £, 75 $, 75 € |

| ਚੰਦਾ/ਸਹਾਇਤਾ ਰਾਸ਼ੀ | ਭਾਰਤ | ਵਿਦੇਸ਼ |
|---|---|---|
| ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ______ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

Date of Publication : 07.10.2017

# ਸੈਣੀ ਸੰਸਾਰ

(ਤਿਮਾਹੀ)

ਜਿਲਦ 7, ਅੰਕ 4 ਅਕਤੂਬਰ - ਦਸੰਬਰ 2017

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ

ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com

ਪ੍ਰਕਾਸ਼ਨਾ ਸਥਾਨ

ਸੈਣੀ ਭਵਨ
ਰੂਪਨਗਰ - 140001 (ਪੰਜਾਬ)

ਮੁੱਖ ਸੰਪਾਦਕ (ਆਨਰੇਰੀ)

ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ ।

ਮੁੱਖ ਕਵਰ 'ਤੇ ਫੋਟੋ :

ਤੇਗ ਰਾ ਫ਼ੱਤਾਹ - ਗੁਰ ਗੋਬਿੰਦ ਸਿੰਘ

## ਤੱਤਕਰਾ

| ਕੀ | ਕਿੱਥੇ |
|---|---|
| ਸੰਪਾਦਕੀ | 3-4 |
| ਸੈਣੀ ਇਤਿਹਾਸ | 5 |
| History of Rupnagar | 6-7 |
| ਸੈਣੀ ਭਵਨ ਰੂਪਨਗਰ ਦੀਆਂ ਸਰਗਰਮੀਆਂ | 8-10 |
| ਕਵਿਤਾਵਾਂ | 11 |
| ਕਹਾਣੀ | 12 |
| ਸੈਣੀ ਸਖ਼ਸ਼ੀਅਤ - ਸ. ਜੋਗਿੰਦਰ ਸਿੰਘ ਕਮਲ | 13-14 |
| ਸੱਤ ਦਿਨ ਜਿਨ੍ਹਾਂ ਦੁਨੀਆਂ ਹਿਲਾ ਦਿੱਤੀ | 15-16 |
| ਚੁੱਪ ਦੀ ਮਹਿਮਾ | 17 |
| Enlightened Saintly Soul | 18 |
| ਵਧਾਈਆਂ | 19 |
| Donors of Regular Scholarships 2017-18 | 20 |
| ਕੈਜ਼ੂਅਲ ਵਜ਼ੀਫਿਆਂ/ ਵਿਤੀ ਸਹਾਇਤਾ ਦੇ ਦਾਨੀ ਸੱਜਣ | 21 |
| New Life Members of Saini Bhawan | 22 |
| ਕਵਿਤਾਵਾਂ | 23 |
| ਪੰਜਾਬੀ ਵਿਗਿਆਨੀ ਪ੍ਰੋਫੈਸਰ ਯਸ਼ਪਾਲ ਦਾ ਵਿਛੋੜਾ | 24 |
| Satnam Singh- One in a Billion | 25 |
| ਘਟਨਾ-ਨਿੱਜ ਨੂੰ ਵਿਆਉਂਦੀ ਪੁੱਤ | 26-27 |
| ਖੇਡ ਪੁਰਸਕਾਰ ਅਤੇ ਪ੍ਰਾਪਤੀਆਂ | 28 |
| ਪਦਮ ਵਿਭੂਸ਼ਣ ਅਰਜੁਣ ਸਿੰਘ ਨੂੰ ਸ਼ਰਧਾਂਜਲੀ | 29 |
| Immemorable Incident of My Life | 30 |
| ਕਵਿਤਾ | 31 |
| ਭੁੱਲੀਆਂ ਵਿੱਸਰੀਆਂ ਦੇਸੀ ਖੇਡਾਂ | 32-35 |
| ਯੋਗ ਆਸਣ ਕਿਵੇਂ ਕਰੀਏ ? | 36 |
| ਕੇਂਦਰ ਸਰਕਾਰ ਦੀਆਂ ਵਜ਼ੀਫ਼ਾ ਸਕੀਮਾਂ | 37 |
| Matrimonials | 38-42 |
| ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ | 43 |

## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |

ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. : 500 ਰੁ: 8 ਸੈ.ਮੀ. x 6 ਸੈ.ਮੀ. = 1000 ਰੁ:

ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

## ਸੰਪਾਦਕੀ

# 'ਸੱਚਾ ਸੌਦਾ' ਕਾਂਡ ਦੇ ਸਬਕ

ਅਜਮੇਰ ਸਿੰਘ (ਡਾ.)
ਰੂਪਨਗਰ



ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਉਸ ਦੇ ਦੁਰਾਚਾਰ ਕਾਰਨ ਮਿਲੀ ਸਜ਼ਾ ਅਤੇ ਇਸ ਦੇ ਪ੍ਰਤਿਕਰਮ ਵਜੋਂ ਉਸ ਦੇ ਸ਼ਰਧਾਲੂਆਂ ਵਲੋਂ ਮਚਾਏ ਹੜਦੁੰਗ ਨੇ ਭਾਰਤੀ ਸਮਾਜ ਅੱਗੇ ਕਈ ਪ੍ਰਸ਼ਨ ਖੜ੍ਹੇ ਕਰ ਦਿੱਤੇ ਹਨ। ਇਸ ਨੇ ਨਾ ਕੇਵਲ ਲੋਕਤੰਤ੍ਰਿਕ ਪ੍ਰਣਾਲੀ ਦੀਆਂ ਕਮਜ਼ੋਰੀਆਂ ਨੂੰ ਨੰਗਾ ਕੀਤਾ ਹੈ ਸਗੋਂ ਸਮੁੱਚੀ ਧਾਰਮਿਕ ਵਿਚਾਰਧਾਰਾ ਨੂੰ ਸ਼ੱਕ ਦੇ ਘੇਰੇ ਵਿੱਚ ਲੈ ਆਂਦਾ ਹੈ।ਇਸ ਸਬੰਧੀ ਪ੍ਰਤਿਕ੍ਰਿਆਵਾਦੀ ਨਜ਼ਰੀਏ ਨਾਲ ਕੋਈ ਇੱਕਟੁੱਕ ਨਿਰਣਾ ਕੱਢਣਾ ਜ਼ਲਦਬਾਜ਼ੀ ਹੋਵੇਗਾ।ਇਸ ਦੀਆਂ ਜੜ੍ਹਾਂ ਆਰਥਿਕ, ਸਮਾਜਿਕ, ਧਾਰਮਿਕ, ਸੱਭਿਆਚਾਰਕ ਅਤੇ ਰਾਜਨੀਤਿਕ ਮਸਲਿਆਂ ਵਿੱਚ ਹਨ। ਸਾਰੇ ਡੇਰੇ ਅਯਾਸ਼ੀ ਦੇ ਅੱਡੇ ਨਹੀਂ ਹੋ ਸਕਦੇ।ਪੁਰਾਤਨ ਸਮਿਆਂ ਤੋਂ ਹੀ ਡੇਰੇ ਅਤੇ ਆਸ਼ਰਮ ਭਾਰਤੀ ਸਮਾਜ ਦੇ ਅਟੁੱਟ ਅੰਗ ਰਹੇ ਹਨ ਜਿਨ੍ਹਾਂ ਵਿੱਚ ਸਦਾਚਾਰਕ ਸਿੱਖਿਆ ਦਿੱਤੀ ਜਾਂਦੀ ਸੀ ਅਤੇ ਮਾਨਵ ਕਲਿਆਣਕਾਰੀ ਸਖ਼ਸ਼ੀਅਤ ਦਾ ਨਿਰਮਾਣ ਕੀਤਾ ਜਾਂਦਾ ਸੀ।ਅਜੋਕੇ ਸਮੇਂ ਵਿੱਚ ਕੁੱਝ ਸ਼ਾਤਰ ਵਿਅਕਤੀਆਂ ਦੇ ਭ੍ਰਿਸ਼ਟ ਵਿਵਹਾਰ ਕਾਰਨ ਹੋਈ ਬਦਨਾਮੀ ਨੂੰ ਸਾਰੇ ਡੇਰਿਆਂ ਸਿਰ ਨਹੀਂ ਮੜ੍ਹਿਆ ਜਾ ਸਕਦਾ। ਇਸ ਮੰਦਭਾਗੀ ਅਤੇ ਅਤਿ ਨਿੰਦਣਯੋਗ ਘਟਨਾ ਨੂੰ ਲੋਕਾਂ ਦੀ ਮਨੋਵਿਗਿਆਨਕ ਬਿਰਤੀ, ਧਾਰਮਿਕ ਕੱਟੜਤਾ,ਸਮਾਜਿਕ ਅਧੋਗਤੀ, ਨਾਕਸ ਰਾਜ-ਪ੍ਰਬੰਧ ਅਤੇ ਭ੍ਰਿਸ਼ਟ ਰਾਜਨੀਤੀਤੰਤਰ ਦੀ ਰੌਸ਼ਨੀ ਵਿੱਚ ਘੋਖਣਾ ਉਚਿਤ ਹੋਵੇਗਾ।

ਅਸਲ ਵਿੱਚ ਜਦੋਂ ਮਨੁਖ ਗਰੀਬੀ, ਮਾਨਸਿਕ ਪ੍ਰੇਸ਼ਾਨੀ, ਪਰਿਵਾਰਕ ਝਗੜਿਆਂ ਅਤੇ ਸਰੀਰਕ ਦੁੱਖਾਂ ਵਿੱਚ ਘਿਰ ਜਾਂਦਾ ਹੈ ਤਾਂ ਉਹ ਇਨ੍ਹਾਂ ਵਿੱਚੋਂ ਨਿਕਲਣ ਲਈ ਅਗਿਆਨਤਾ ਵੱਸ ਆਸਾਨ ਢੰਗ-ਤਰੀਕਿਆਂ ਦੀ ਤਲਾਸ਼ ਕਰਨ ਲਗਦਾ ਹੈ।ਅਜਿਹੇ ਸਮੇਂ ਉਹ ਹਰ ਉਸ ਵਿਅਕਤੀ ਨੂੰ ਆਪਣਾ ਹਮਦਰਦ ਜਾਣ ਕੇ ਮਗਰ ਲਗ ਜਾਂਦਾ ਹੈ ਜੋ ਵੀ ਉਸ ਦੀ ਬਾਂਹ ਫੜਦਾ ਹੈ।ਉਹ ਆਪਣੇ ਹਮਦਰਦ ਦੀ ਮਨਸ਼ਾ ਜਾਣਨ ਦੀ ਕੋਸ਼ਿਸ਼ ਕੀਤੇ ਬਗੈਰ ਉਸ 'ਤੇ ਵਿਸ਼ਵਾਸ ਕਰ ਲੈਂਦਾ ਹੈ।ਇਨ੍ਹਾਂ ਵਿੱਚੋਂ ਕੋਈ ਸ਼ਾਤਰ ਅਤੇ ਡਰਾਮੇਬਾਜ਼ ਹਮਦਰਦ ਵਿਅਕਤੀ ਮਾਨਸਿਕ ਤੌਰ 'ਤੇ ਕਮਜ਼ੋਰ ਮਨੁੱਖ ਦੀ ਦੁੱਖਦੀ ਰਗ 'ਤੇ ਹੱਥ ਰੱਖ ਕੇ ਉਸ ਲਈ 'ਬਾਬਾ/ਗੁਰੂ' ਬਣ ਜਾਂਦਾ ਹੈ ਜਿਸ ਨੂੰ ਉਹ ਮੁਕਤੀਦਾਤਾ ਅਤੇ ਮਸੀਹਾ ਮੰਨ ਲੈਂਦਾ ਹੈ।ਅਖੌਤੀ ਬਾਬਾ ਆਸਥਾ ਦੇ ਨਾਂ 'ਤੇ ਆਪਣੇ ਸ਼ਰਧਾਲੂ ਨੂੰ ਸਭ ਕੁਝ ਸਮਰਪਿਤ ਕਰਨ ਦਾ ਹੁਕਮ ਕਰਦਾ ਹੈ ਅਤੇ ਅਵੱਗਿਆ ਕਰਨ ਦੀ ਸੂਰਤ ਵਿੱਚ ਬਹੁਤ ਭਿਆਨਕ ਸਿੱਟਿਆਂ ਦਾ ਡਰ ਵੀ ਦਿੰਦਾ ਹੈ।ਅਜਿਹਾ ਕਲਾਬਾਜ਼ ਗੁਰੂ ਆਪਣੇ ਸ਼ਰਧਾਲੂ ਦੀ ਅਟੁੱਟ ਸ਼ਰਧਾ ਅਤੇ ਅੰਧਵਿਸ਼ਵਾਸ ਦਾ ਪੂਰਾ ਫ਼ਾਇਦਾ ਉਠਾਉਂਦਾ ਹੈ।

ਰਵਾਇਤੀ ਵਿਵਸਥਤ ਧਰਮਾਂ ਦੀ ਕੱਟੜਤਾ ਨੇ ਵੀ ਲੋਕਾਂ ਨੂੰ ਡੇਰਿਆਂ ਵੱਲ ਧੱਕਿਆ ਹੈ।ਇਹ ਸਥਾਪਿਤ ਧਰਮ ਆਪਣੇ ਪੈਰੋਕਾਰਾਂ 'ਤੇ ਪੁਰਾਤਨਪੰਥੀ ਰਵਾਇਤਾਂ ਨੂੰ ਲੱਦੀ ਜਾ ਰਹੇ ਹਨ ਜਿਸ ਦੀ ਅਸਹਿਮਤੀ ਤੋਂ ਵਿਦਰੋਹ ਉਪਜਦਾ ਹੈ।ਇਸ ਨਾਲ ਨਵੀਆਂ ਸੰਪਰਦਾਵਾਂ, ਡੇਰੇ ਹੋਂਦ ਵਿੱਚ ਆਉਂਦੇ ਹਨ।ਇਹ ਡੇਰੇ ਆਪਣੇ ਸ਼ਰਧਾਲੂਆਂ ਦੀ ਹਰ ਉਸ ਲੋੜ ਨੂੰ ਪੂਰੀ ਕਰਦੇ ਹਨ ਜਿਸ ਨੂੰ ਰਵਾਇਤੀ ਧਰਮ ਅਣਗੌਲਿਆਂ ਕਰ ਛੱਡਦੇ ਹਨ। ਅਖੌਤੀ ਬਾਬਾ ਆਪਣੇ ਸ਼ਰਧਾਲੂਆਂ ਨਾਲ ਅਜਿਹੀ ਇੱਕਮੁੱਠਤਾ ਉਪਜਾਉਂਦਾ ਹੈ ਜੋ ਉਸ ਨੂੰ ਜ਼ਿੰਦਗੀ ਦੇ ਉਤਰਾਵਾਂ-ਚੜ੍ਹਾਵਾਂ ਨਾਲ ਸਿੱਝਣ ਵਿੱਚ ਮਦਦ ਕਰਦੀ ਹੈ। ਇਹ ਡੇਰੇ ਵਿਕਲਪ ਮੁੱਲਾਂ ਦਾ ਇੱਕ ਵੱਖਰਾ ਸੰਸਾਰ ਸਿਰਜਦੇ ਹਨ ਜਿੱਥੇ ਪੈਰੋਕਾਰ ਸਤਿਕਾਰਿਤ ਅਤੇ ਅਹਿਮ ਮਹਿਸੂਸ ਕਰਦੇ ਹਨ। ਇਹ ਸ਼ਰਧਾਲੂ ਨੂੰ ਪ੍ਰਵਾਨਤਾ ਬਖਸ਼ਦੇ ਹਨ। ਇੱਥੇ ਸ਼ਰਧਾਲੂਆਂ ਨੂੰ ਨਸ਼ੇ ਅਤੇ ਹੋਰ ਬੁਰੀਆਂ ਤੋਂ ਬਚਣ ਦੀ ਸਿੱਖਿਆ ਦਿੱਤੀ ਜਾਂਦੀ ਹੈ।ਉਸ ਨੂੰ ਸਸਤਾ ਭੋਜਨ, ਦਵਾਈਆਂ ਅਤੇ ਹੋਰ ਜ਼ਰੂਰੀ ਚੀਜ਼ਾਂ ਸਸਤੀਆਂ ਅਤੇ ਆਸਾਨੀ ਨਾਲ ਉਪਲਬਧ ਹੁੰਦੀਆਂ ਹਨ ਜੋ ਕਿ ਸਰਕਾਰੀ ਅਦਾਰਿਆਂ ਤੋਂ ਲੈਣ ਲਈ ਖੱਜਲ-ਖੁਆਰ ਹੋਣਾ ਪੈਂਦਾ ਹੈ। ਇੱਥੇ ਸ਼ਰਧਾਲੂਆਂ ਨੂੰ ਅੱਛੇ ਦਿਨਾਂ ਦੇ ਸੁਪਨੇ ਦਿਖਾਏ ਜਾਂਦੇ ਹਨ।ਇਸ ਪ੍ਰਕਾਰ ਇਹ ਡੇਰੇ ਆਪਣੇ ਸ਼ਰਧਾਲੂਆਂ ਵਿੱਚ ਦੇਸ਼ ਦੀ ਨਿਆਂ-ਪ੍ਰਣਾਲੀ ਅਤੇ ਰਾਜ-ਪ੍ਰਬੰਧ ਪ੍ਰਤਿ ਅਵਿਸ਼ਵਾਸ ਪੈਦਾ ਕਰਕੇ ਉਨ੍ਹਾਂ ਨੂੰ ਮੁੱਖ ਧਾਰਾ ਤੋਂ ਵੱਖ ਕਰ ਲੈਂਦੇ ਹਨ। ਇੱਕ ਬਾਬੇ ਦੇ ਸ਼ਰਧਾਲੂਆ ਦਾ ਵੱਖਰਾ ਪੰਥ ਬਣ ਜਾਂਦਾ ਹੈ ਜਿਥੇ ਉਹ ਆਪਣੀ ਜਾਤ,ਧਰਮ ਅਤੇ ਨਸਲ ਦੀ ਪ੍ਰਵਾਹ ਕੀਤੇ ਬਗੈਰ ਆਪਸੀ ਰਿਸ਼ਤੇ-ਨਾਤੇ ਜੋੜਦੇ ਹਨ।ਇਹ ਲੋਕ ਨੌਕਰੀ ਪ੍ਰਾਪਤ ਕਰਨ ਅਤੇ ਆਪਣਾ ਕਾਰੋਬਾਰ ਵਧਾਉਣ ਲਈ ਸੰਖਿਆ-ਸ਼ਕਤੀ ਦੀ ਧੌਂਸ ਜਮਾਉਂਦੇ ਹਨ।ਅਜਿਹਾ ਮੇਲ-ਮਿਲਾਪ ਵਧਾਉਣ ਵਿੱਚ ਬਾਬੇ ਵਿਚੋਲੇ ਦੀ ਭੂਮਿਕਾ ਨਿਭਾਉਂਦੇ ਹਨ।ਉਹ ਆਪਣੇ ਸ਼ਰਧਾਲੂਆਂ ਦੇ ਅੰਧਵਿਸ਼ਵਾਸ ਦਾ ਸੌਦਾ ਵੋਟ-ਸ਼ਕਤੀ, ਕਿਰਤ-ਦਾਨ ਅਤੇ ਸਰੀਰ-ਦਾਨ ਆਦਿ ਨਾਲ ਕਰਦੇ ਹਨ।ਇਹ ਸਾਧਨ ਬਾਬੇ ਦੀ ਸ਼ਕਤੀ ਦਾ ਭੰਡਾਰ ਬਣ ਜਾਂਦੇ ਹਨ ਅਤੇ ਉਨ੍ਹਾਂ ਦਾ ਅਕਸ ਵਿਸ਼ਾਲ ਰੂਪ ਧਾਰਨ ਕਰ ਲੈਂਦਾ ਹੈ।ਇਸ ਪ੍ਰਕਾਰ ਬਾਬੇ ਸ਼ਾਤਰ ਆਪਣੇ ਆਪ ਨੂੰ ਸਰਬਸਮਰੱਥ ਅਤੇ ਚੁਣੌਤੀਰਹਿਤ ਮੰਨਣ ਲਗਦੇ ਹਨ।

ਇਸ ਭੋਗਵਾਦੀ ਜਮਾਨੇ ਵਿੱਚ ਜਦੋਂ ਲੋਕ ਆਪਣੀਆਂ ਰੋਜ਼ਾਨਾਂ ਦੀਆਂ ਵਧਦੀਆਂ ਮੰਗਾਂ ਨੂੰ ਸਰਕਾਰ ਤੋਂ ਪੂਰਾ ਕਰਵਾਉਣ ਤੋਂ ਬੇਬਸ ਹੋ ਜਾਂਦੇ ਹਨ ਤਾਂ ਉਹ ਕਿਸੇ ਨਾ ਕਿਸੇ ਬਾਬੇ ਦੀ ਸ਼ਰਨ ਵਿੱਚ ਚਲੇ ਜਾਂਦੇ ਹਨ।ਬਹੁਤੇ ਬਾਬੇ ਲੋਕਾਂ ਨੂੰ

ਤਰਕ-ਆਧਾਰਤ ਸੋਚ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰਦੇ ਹਨ। ਸਰਕਾਰਾਂ ਵੀ ਚਾਹੁੰਦੀਆਂ ਹਨ ਕਿ ਲੋਕ ਆਪਣੇ ਮਸਲਿਆਂ ਨੂੰ ਲੈ ਕੇ ਉਨ੍ਹਾਂ ਲਈ ਮੁਸ਼ਕਲਾਂ ਪੈਦਾ ਨਾ ਕਰਨ। ਇਹ ਬਾਬੇ ਇਨ੍ਹਾਂ ਮਸਲਿਆਂ ਦੇ ਹਲ ਲਈ ਜਿਹੜਾ ਰਾਹ ਦੱਸਦੇ ਹਨ ਉਹ ਸਰਕਾਰਾਂ ਨੂੰ ਸੂਤ ਆਉਂਦਾ ਹੈ। ਸਰਕਾਰਾਂ ਨੂੰ ਚੇਤਨ ਲੋਕ ਸ਼ਕਤੀ ਦਾ ਰੋਹ ਆਪਣੀ ਪ੍ਰਭੁਤਾ ਲਈ ਖਤਰਾ ਜਾਪਦਾ ਹੈ ਜਿਸ ਨੂੰ ਸ਼ਾਂਤ ਕਰਨ ਲਈ ਉਹ ਬਾਬਿਆਂ ਦੀ ਸ਼ਰਨ ਵਿੱਚ ਜਾਂਦੇ ਹਨ। ਵੋਟਾਂ ਦੀ ਲੋੜ ਨੇ ਸਿਆਸਤਦਾਨਾਂ ਲਈ ਬਾਬਿਆਂ ਦੀ ਮਹੱਤਤਾ ਹੋਰ ਵੀ ਵਧਾ ਦਿੱਤੀ ਹੈ। ਇਨ੍ਹਾਂ ਬਾਬਿਆਂ ਦੀ ਅਪੀਲ ਨੂੰ ਆਪਣੇ ਪੱਖ ਵਿੱਚ ਕਰਨ ਲਈ ਰਾਜਨੀਤਿਕ ਪਾਰਟੀਆਂ ਹੱਥੋਹੱਥੀ ਝਪਟ ਪੈਂਦੀਆਂ ਹਨ। ਇਹ ਡੇਰੇ ਸ਼ਰਧਾਲੂਆਂ ਨੂੰ ਆਪਣੀ ਵੋਟ ਅੰਤਰਆਤਮਾ ਦੀ ਬਿਜਾਏ ਡੇਰੇ ਦੇ ਹਿਤ ਵਿੱਚ ਪਾਉਣ ਦੀ ਅਪੀਲ ਕਰਦੇ ਹਨ।

ਡੇਰਾ ਸਿਰਸਾ ਦਾ ਪੰਜਾਬ ਦੇ 27 ਵਿਧਾਨ ਸਭਾ ਹਲਕਿਆਂ ਵਿੱਚ ਪ੍ਰਭਾਵ ਹੈ। ਹਰਿਆਣਾ ਦੀ ਸਰਕਾਰ ਤਾਂ ਤਾਕਤ ਵਿੱਚ ਆਈ ਹੀ ਇਸ ਡੇਰੇ ਦੀ ਹਮਾਇਤ ਨਾਲ ਹੈ। ਪੰਜਾਬ ਅਤੇ ਹਰਿਆਣਾ ਦੀਆਂ ਕਰੀਬ ਸਾਰੀਆਂ ਹੀ ਪਾਰਟੀਆਂ ਦੇ ਪ੍ਰਮੁੱਖ ਨੇਤਾ ਚੋਣਾਂ ਤੋਂ ਪਹਿਲਾਂ ਗੁਰਮੀਤ ਰਾਮ ਰਹੀਮ ਦੀ ਆਸ਼ੀਰਵਾਦ ਲੈਣ ਜਾਂਦੇ ਰਹੇ ਹਨ। ਡੇਰੇ ਨਾਲ ਵੋਟਾਂ ਦੀ ਸੌਦੇਬਾਜ਼ੀ ਦੇ ਇਵਜ਼ ਵਿੱਚ ਰਾਜਨੀਤਿਕ ਨੇਤਾ ਡੇਰੇ ਨੂੰ ਆਪਣਾ ਗੈਰਕਾਨੂੰਨੀ ਕਾਰੋਬਾਰ ਵਧਾਉਣ ਅਤੇ ਐਸ਼ੋਆਰਾਮ ਦੌਰਾਨ ਹੋਣ ਵਾਲੀਆਂ ਕਾਨੂੰਨੀ ਉਲੰਘਣਾਵਾਂ ਤੋਂ ਬਚਾਉਣ ਲਈ ਸੁਰੱਖਿਆ ਛਤਰੀ ਪ੍ਰਦਾਨ ਕਰਦੇ ਹਨ। ਇਸ ਨਾਲ ਸ਼ਾਤਰ ਬਾਬੇ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹਨ। ਇਹ ਹੀ ਕਾਰਨ ਹੈ ਕਿ ਗੁਰਮੀਤ ਰਾਮ ਰਹੀਮ ਸਾਲਾਂ ਬੱਧੀ ਆਪਣੀਆਂ ਸ਼ਰਧਾਲੂ ਸਾਧਵੀਆਂ ਨਾਲ ਜਬਰਦਸਤੀ ਕੁਕਰਮ ਕਰਦਾ ਰਿਹਾ ਅਤੇ ਸਰਕਾਰਾਂ ਨੇ ਇਸ ਨੂੰ ਅਣਗੋਲਿਆ ਕਰ ਰੱਖਿਆ। ਇਹ ਮਿਲੀਭੁਗਤ ਤੋਂ ਬਿਨਾਂ ਸੰਭਵ ਨਹੀਂ।

ਦਰਅਸਲ ਕੋਈ ਵੀ ਵਿਚਾਰਧਾਰਾ ਜਾਂ ਸੰਸਥ ਆਪਣੇ ਮੂਲ ਰੂਪ ਵਿੱਚ ਮਾੜੀ ਨਹੀਂ ਹੁੰਦੀ। ਮਾੜੇ ਹੁੰਦੇ ਹਨ ਉਸ ਦੀ ਗਲਤ ਵਿਆਖਿਆ ਕਰਨ ਵਾਲੇ ਸਵਾਰਥੀ ਲੋਕ। ਧਰਮ ਵੀ ਆਪਣੇ ਆਪ ਵਿੱਚ ਮਾੜਾ ਨਹੀਂ। ਭਾਰਤ ਦੀ ਤਾਂ ਸੰਸਕ੍ਰਿਤੀ ਹੀ ਧਾਰਮਿਕ ਹੈ। ਡੇਰੇ ਵੀ ਧਰਮ ਦੀਆਂ ਵਿਕਲਪਿਤ ਸੰਸਥਾਵਾਂ ਹਨ। ਸ਼ਰਧਾ ਅਤੇ ਵਿਸ਼ਵਾਸ ਹਰ ਧਰਮ ਦੇ ਮੁਢਲੇ ਸਿਧਾਂਤ ਹਨ। ਪਰੰਤੂ ਵਿਸ਼ਵਾਸ ਕਿਸੇ ਵਿਸ਼ਵਾਸਕਰਨਯੋਗ ਮਹਾਨ ਵਿਅਕਤੀ 'ਤੇ ਹੀ ਕਰਨਾ ਬਣਦਾ ਹੈ। ਕਿਸੇ ਵੀ ਸਿਧਾਂਤ ਦੀ ਗਲਤ ਵਿਆਖਿਆ ਮਨੁੱਖਤਾ ਲਈ ਮਾਰੂ ਸਿੱਧ ਹੋ ਸਕਦੀ ਹੈ। ਅਨਪੜ੍ਹਤਾ, ਚੇਤਨਾ ਦਾ ਨੀਵਾਂ ਪੱਧਰ, ਸਹੀ ਸਿੱਖਿਆ ਦੀ ਘਾਟ,ਪਰਿਵਾਰਕ ਕਲੇਸ਼, ਨਾਕਸ ਰਾਜ ਪ੍ਰਬੰਧ ਅਤੇ ਰਾਜਨੀਤਿਕ ਆਗੂਆਂ ਦਾ ਸਵਾਰਥ ਆਦਿ ਸਿਰਸਾ ਦੇ ਬਾਬੇ ਜਿਹਿਆਂ ਦੀ ਹੋਂਦ ਅਤੇ ਪ੍ਰਫੁੱਲਤਾ ਦੇ ਕਾਰਨ ਹਨ।

ਗੁਰਮੀਤ ਰਾਮ ਰਹੀਮ ਨੂੰ ਸਜ਼ਾ ਸੁਣਾਏ ਜਾਣ ਤੋਂ ਬਾਅਦ ਪੰਜਾਬ ਤੇ ਹਰਿਆਣਾ ਵਿੱਚ ਹੋਈ ਹਿੰਸਾ ਤੇ ਪ੍ਰਤਿਹਿੰਸਾ ਨੂੰ ਰੋਕਿਆ ਜਾ ਸਕਦਾ ਸੀ ਜੇਕਰ ਹਰਿਆਣਾ ਸਰਕਾਰ ਦੋਚਿੱਤੀ ਵਿੱਚ ਨਾ ਹੁੰਦੀ। ਇਸ ਦੁਖਦਾਈ ਕਾਂਡ ਨੇ ਰਾਜਨੀਤਿਕ ਆਗੂਆਂ ਦੇ ਦੰਭ ਨੂੰ ਨੰਗਾ ਕਰ ਦਿੱਤਾ ਹੈ। ਇਸ ਨੇ ਕਾਨੂੰਨਸਾਜ਼ਾਂ ਦੇ ਇਸ ਇਤਰਾਜ਼ ਨੂੰ ਵੀ ਨਕਾਰ ਦਿੱਤਾ ਹੈ ਕਿ ਨਿਆਂਪਾਲਕਾ ਨੂੰ ਸਰਕਾਰ ਦੇ ਕੰਮਾਂ ਵਿੱਚ ਦਖਲਅੰਦਾਜ਼ੀ ਨਹੀਂ ਕਰਨੀ ਚਾਹੀਦੀ। ਜੇਕਰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਸਮੇਂ ਸਿਰ ਸਥਿਤੀ ਨੂੰ ਆਪਣੇ ਹੱਥ ਵਿੱਚ ਨਾ ਲੈਂਦੀ ਤਾਂ ਕਿਤੇ ਵੱਧ ਜਾਨੀ ਅਤੇ ਮਾਲੀ ਨੁਕਸਾਨ ਹੋਣਾ ਸੀ। ਇਸ ਕੇਸ ਵਿੱਚ ਪੜਤਾਲੀਆ ਏਜੰਸੀ ਸੀ.ਬੀ.ਆਈ. ਦੇ ਅਧਿਕਾਰੀਆਂ ਅਤੇ ਜੱਜ ਦੀ ਭੂਮਿਕਾ ਵੀ ਸ਼ਲਾਘਾਯੋਗ ਰਹੀ ਜਿਨ੍ਹਾ ਨੇ ਧਮਕੀਆਂ ਦੇ ਬਾਵਜੂਦ ਸਿੱਧ ਕਰ ਦਿੱਤਾ ਕਿ ਕੋਈ ਵੀ ਬੰਦਾ ਦੇਸ਼ ਦੇ ਕਾਨੂੰਨ ਤੋਂ ਉੱਚਾ ਨਹੀਂ।

ਇਸ ਕਾਂਡ ਨੇ ਇਹ ਜ਼ਰੂਰੀ ਬਣਾ ਦਿੱਤਾ ਹੈ ਕਿ ਡੇਰਿਆਂ ਨੂੰ ਬੰਦ ਕਰਨ ਦੀ ਬਿਜਾਏ ਇਨ੍ਹਾਂ ਨੂੰ ਕਾਨੂੰਨ ਦੇ ਘੇਰੇ ਵਿੱਚ ਲਿਆ ਕੇ ਵਿਵਸਥਤ ਕੀਤਾ ਜਾਵੇ, ਇਨ੍ਹਾਂ 'ਤੇ ਨਿਰੰਤਰ ਨਿਗਰਾਨੀ ਰੱਖੀ ਜਾਵੇ ਅਤੇ ਆਮਦਨ ਤੇ ਖਰਚ ਦਾ ਸਾਲਾਨਾ ਆਡਿਟ ਕੀਤਾ ਜਾਵੇ। ਇਸ ਦੇ ਨਾਲ ਹੀ ਸਰਕਾਰ ਲੋਕਾਂ ਨੂੰ ਆਸਾਨੀ ਨਾਲ ਜ਼ਰੂਰੀ ਸਹੂਲਤਾਂ ਮੁਹੱਈਆ ਕਰਾਉਣ ਨੂੰ ਸੁਨਿਸ਼ਚਿਤ ਕਰੇ, ਸਥਾਪਿਤ ਧਾਰਮਿਕ ਅਦਾਰਿਆਂ ਨੂੰ ਉਦਾਰ ਬਣਾਇਆ ਜਾਵੇ, ਲੋਕਾਂ ਲਈ ਰੁਜ਼ਗਾਰ ਦੇ ਸਾਧਨ ਪੈਦਾ ਕੀਤੇ ਜਾਣ ਅਤੇ ਦੋਸ਼ੀ ਬਾਬਿਆਂ ਦੇ ਰਖਵਾਲੇ ਰਾਜਨੀਤਿਕ ਆਗੂਆਂ ਨੂੰ ਵੀ ਸਾਜ਼ਿਸ਼ ਰਚਣ ਅਤੇ ਸ਼ਹਿ ਦੇਣ ਬਦਲੇ ਬਰਾਬਰ ਦੀ ਸਜ਼ਾ ਦਿੱਤੀ ਜਾਵੇ। ਸਭ ਤੋਂ ਵੱਧ ਲੋੜ ਹੈ ਸਮਾਜ ਨੂੰ ਜਾਗਰੂਕ ਕਰਨ ਲਈ ਗਿਆਨ ਰੂਪੀ ਦੀਵੇ ਨਾਲ ਹਨੇਰਾ ਦੂਰ ਕਰਨ ਦੀ। ਗੁਰਮੀਤ ਰਾਮ ਰਹੀਮ ਕਾਂਡ ਦੇ ਸਬਕ ਬਹੁਤ ਉਪਯੋਗੀ ਹੋ ਸਕਦੇ ਹਨ ਜੇ ਇਨ੍ਹਾਂ ਤੋਂ ਸਿਖਿਆ ਲੈ ਕੇ ਅਜਿਹੇ ਦੁਖਾਂਤਾਂ ਨੂੰ ਦੁਬਾਰਾ ਵਾਪਰਨ ਤੋਂ ਰੋਕਣ ਲਈ ਅਗਾਊਂ ਪ੍ਰਬੰਧ ਕੀਤੇ ਜਾਣ।

## ਨਿਆਰਾ ਖਾਲਸਾ

'ਸਰਬਤ ਦਾ ਭਲਾ' ਸੰਕਲਪ ਨੂੰ ਅਮਲੀ ਰੂਪ ਦਿੰਦਿਆ ਕੌਮਾਂਤਰੀ ਪੱਧਰ ਦੀ ਮਾਨਵ ਕਲਿਆਣਕਾਰੀ ਸੰਸਥਾ, 'ਖਾਲਸਾ ਏਡ' ਮਿਆਂਮਾਰ 'ਚੋਂ ਉੱਜੜ ਕੇ ਆਏ ਲੱਖਾਂ ਰੋਹਿੰਗਿਆਂ ਮੁਸਲਮਾਨ ਸ਼ਰਨਾਰਥੀਆਂ ਦੀ ਦਵਾਈਆਂ, ਕੱਪੜਿਆਂ, ਭੋਜਨ, ਤਰਪਾਲਾਂ ਅਤੇ ਪਾਣੀ ਨਾਲ ਸੇਵਾ ਕਰ ਰਹੀ ਹੈ। ਇਹ ਅੰਤਰਰਾਸ਼ਟਰੀ ਸਿੱਖ ਸੰਸਥਾ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਵਾਪਰੇ ਦੁਖਾਂਤ ਸਮੇਂ ਬੇਸਹਾਰਾ ਅਤੇ ਦੁਖਿਆਰੇ ਲੋਕਾਂ ਦੀ ਮੱਦਦ ਲਈ ਬਹੁੜਦੀ ਹੈ। ਇਹ ਹੈ ਗੁਰਬਾਣੀ ਦੇ ਸ਼ਬਦ "ਵਿਚਿ ਦੁਨੀਆ ਸੇਵ ਕਮਾਈਐ" ਦੀ ਸੱਚੀ ਵਿਆਖਿਆ। ਧੰਨ ਹਨ ਇਹ ਗੁਰੂ ਦੇ ਸਿੱਖ।

ਸੈਣੀ ਇਤਿਹਾਸ

## ਵਿਚਾਰ ਚਰਚਾ

ਆਲ ਇੰਡੀਆ ਸੈਣੀ ਸਭਾਵਾਂ ਰਾਜਸਥਾਨ, ਦਿੱਲੀ, ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਆਦਿ ਦੀਆਂ ਕੁੱਝ ਪਛੜੀਆਂ ਜਾਤਾਂ ਜਿਵੇਂ ਕਿ ਮਾਲੀ ਆਦਿ ਨੂੰ ਸੈਣੀ ਮੰਨ ਕੇ ਉਨ੍ਹਾਂ ਦੇ ਰਾਜਨੀਤਿਕ ਨੇਤਾਵਾਂ ਨੂੰ ਆਪਣੀਆਂ ਸਭਾਵਾਂ ਵਿੱਚ ਪ੍ਰਤਿਨਿਧਤਾ ਦਿੰਦੀਆਂ ਹਨ। ਪੰਜਾਬ ਦੇ ਕੁੱਝ ਨੌਜਵਾਨ ਸੈਣੀ ਖੋਜੀਆਂ ਨੇ ਇਸ 'ਤੇ ਇਤਰਾਜ਼ ਕੀਤਾ ਹੈ।ਉਨ੍ਹਾਂ ਦਾ ਵਿਚਾਰ ਹੈ ਕਿ ਇਹ ਰਲੇਵਾਂ ਕੁੱਝ ਰਾਜਨੀਤਿਕ ਪਾਰਟੀਆਂ ਆਪਣੇ ਹਿਤ ਦੀ ਪੂਰਤੀ ਲਈ ਕਰ ਰਹੀਆਂ ਹਨ। ਇਨ੍ਹਾਂ ਨੌਜਵਾਨਾਂ ਨੇ ਵਿਸ਼ੇਸ਼ ਕਰਕੇ ਮਹਾਰਾਸ਼ਟਰ ਦੇ ਮਹਾਪੁਰਸ਼ ਜੋਤੀ ਰਾਓ ਫੂਲੇ ਨੂੰ ਸੈਣੀ ਕਹਿਣ ਤੇ ਇਤਰਾਜ਼ ਕੀਤਾ ਹੈ ਜਿਸ ਦਾ ਜਨਮ ਦਿਨ ਪੰਜਾਬ , ਹਰਿਆਣਾ ਅਤੇ ਚੰਡੀਗੜ੍ਹ ਦੀਆਂ ਕੁੱਝ ਸੈਣੀ ਸੰਸਥਾਵਾਂ ਵਲੋਂ ਵੀ ਮਨਾਇਆ ਜਾਂਦਾ ਹੈ। ਆਪਣੀ ਰਾਇ ਦੇ ਪੱਖ ਵਿੱਚ ਉਨ੍ਹਾਂ ਨੇ ਨਿਮਨ ਤੱਥ ਲਿਖ ਕੇ ਭੇਜੇ ਗਏ ਹਨ ਜੋ ਕਿ ਵਿਚਾਰ ਚਰਚਾ ਹਿਤ ਇੱਥੇ ਛਾਪੇ ਜਾ ਰਹੇ ਹਨ।

(ਸੰਪਾਦਕ)

ਮਾਲੀ ਜਾਤ ਦੇ ਲੋਕ ਰਾਜਸਥਾਨ ਦੇ ਮੁਢਲੇ ਵਸਨੀਕ ਹਨ। ਅੰਗਰੇਜ਼ ਕੇਵਲ ਮਾਰਸ਼ਲ ਕੌਮਾਂ ਦੇ ਲੋਕਾਂ ਨੂੰ ਹੀ ਫੌਜ ਵਿੱਚ ਭਰਤੀ ਕਰਦੇ ਸਨ।ਇਸ ਲਈ ਅੰਗਰੇਜ਼ੀ ਫੌਜ ਵਿੱਚ ਭਰਤੀ ਹੋਣ ਲਈ ਮਾਲੀਆਂ ਨੇ ਸੰਨ 1937 ਵਿੱਚ ਰਾਜ ਸਰਕਾਰ ਦੇ ਰਿਕਾਰਡ ਵਿੱਚ ਆਪਣੇ ਆਪ ਨੂੰ 'ਸੈਨਿਕ ਕਸ਼ਤ੍ਰੀਯ' ਅਤੇ 'ਸੈਣੀ ਜਾਤੀ' ਲਿਖਵਾ ਲਿਆ ਕਿਉਂਕਿ ਸੈਣੀ ਮਾਰਸ਼ਲ ਕੌਮ ਮੰਨੀ ਜਾਂਦੀ ਸੀ।

ਸੰਨ 1901 ਦੀ ਮਰਦਮਸ਼ੁਮਾਰੀ ਵਿੱਚ ਮਾਲੀ ਅਤੇ ਸੈਣੀ ਅਲੱਗ ਅਲੱਗ ਜਾਤਾਂ ਦਰਸਾਈਆਂ ਗਈਆਂ ਹਨ ਜਿੱਥੇ ਸੈਣੀਆਂ ਨੂੰ ਵੱਡੇ ਜ਼ਿੰਮੀਦਾਰ ਅਤੇ ਮਾਲੀਆਂ ਨੂੰ ਦੂਜੀਆਂ ਜਾਤਾਂ ਦੇ ਖੇਤਾਂ ਵਿੱਚ ਮਜ਼ਦੂਰੀ ਕਰਨ ਵਾਲੇ ਲਿਖਿਆ ਗਿਆ ਹੈ।

ਸੰਨ 1881, 1901 ਅਤੇ 1911 ਦੀ ਮਰਦਮਸ਼ੁਮਾਰੀ ਵਿੱਚ ਸੈਣੀ ,ਅਣਵੰਡੇ ਪੰਜਾਬ ਤੋਂ ਬਾਹਰ ਕਿਤੇ ਨਹੀਂ ਸਨ ਹੁਣ ਰਾਜਸਥਾਨ,ਯੂ.ਪੀ. ਅਤੇ ਮਹਾਰਾਸ਼ਟਰ ਵਿੱਚ ਸੈਣੀ ਕਿੱਥੋਂ ਆ ਗਏ? ਇਹ ਮਾਲੀ ਹਨ।

ਸੈਣੀ ਜਾਤੀ ਨੇ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵੀ ਆਪਣੇ ਮਾਰਸ਼ਲ ਗੁਣ ਦਾ ਪ੍ਰਦਰਸ਼ਨ ਕਰਦਿਆਂ ਫੌਜ ਵਿੱਚ ਬਹਾਦਰੀ ਦੇ ਸੈਂਕੜੇ ਮੈਡਲ ਹਾਸਲ ਕੀਤੇ ਹਨ ਜਦੋਂ ਕਿ ਮਾਲੀਆਂ ਨੇ ਸ਼ਾਇਦ ਹੀ ਕੋਈ ਮੈਡਲ ਲਿਆ ਹੋਵੇ।

ਸੈਣੀ ਅਤੇ ਮਾਲੀ ਜਾਤਾਂ ਦੇ ਗੋਤ ਆਪਸ ਵਿੱਚ ਨਹੀਂ ਮਿਲਦੇ। ਸੈਣੀਆਂ ਦੇ ਮੁੱਖ ਗੋਤ ਪਾਬਲਾ, ਬਣਵੈਤ, ਬੋਲੇ , ਤੰਬੜ ਅਤੇ ਸਲਾਰੀਆ ਆਦਿ ਹਨ ਜਦੋਂ ਕਿ ਮਾਲੀਆਂ ਦੇ ਗੋਤ ਜਟੋਲਿਆ, ਸੋਲੰਕੀ ਅਤੇ ਸੰਖਾਲਾ ਆਦਿ ਹਨ।

ਪ੍ਰਸਿੱਧ ਇਤਿਹਾਸਕਾਰ ਐਡਵਰਡ ਬੈਲਫਰ ਨੇ ਸੈਣੀਆਂ ਅਤੇ ਮਾਲੀਆਂ ਨੂੰ ਅਲੱਗ ਅਲੱਗ ਦੱਸਿਆ ਹੈ। ਮਾਲੀਆਂ ਨੂੰ ਬਾਗਵਾਨੀ ਦੇ ਪੇਸ਼ੇ ਨਾਲ ਜੋੜਿਆ ਗਿਆ ਹੈ।

ਰਾਜਸਥਾਨ ਦੇ ਬਹੁਤੇ ਮਾਲੀ ਹਰਿਆਣਾ ਵਿੱਚ ਕੰਮ ਦੇ ਸਿਲਸਿਲੇ ਵਿੱਚ ਆ ਕੇ ਵਸੇ ਹਨ। ਹਰਿਆਣਾ ਦੇ ਸੈਣੀ ਮਾਲੀਆਂ ਨੂੰ ਨੀਵੀਂ ਜਾਤੀ ਦੇ ਸਮਝ ਕੇ ਇਨ੍ਹਾਂ ਨਾਲ ਵਿਆਹ ਨਹੀਂ ਕਰਦੇ।ਇੱਥੇ ਸੈਣੀ ਪਿੰਡਾਂ ਦੇ ਚੌਧਰੀ ਹਨ ਅਤੇ ਆਪਣੇ ਹੀ ਵਸਾਏ ਹੋਏ ਪਿੰਡਾਂ ਵਿੱਚ ਰਹਿਣਾ ਪਸੰਦ ਕਰਦੇ ਹਨ।

ਆਜ਼ਾਦੀ ਤੋਂ ਪਹਿਲਾਂ ਸੈਣੀ ਆਪਣੇ ਇਲਾਕੇ ਦੇ ਜ਼ੈਲਦਾਰ ਅਤੇ ਰਾਇ ਬਹਾਦੁਰ ਵੀ ਰਹੇ ਹਨ ਜਦੋਂ ਕਿ ਮਾਲੀ ਬਾਗਵਾਨੀ ਤੱਕ ਹੀ ਸੀਮਿਤ ਰਹੇ ਹਨ।

ਮਾਲੀ ਜਾਤੀ ਦੇ ਲੋਕ ਦੂਜੀਆਂ ਜਾਤਾਂ ਦੇ ਲੋਕਾਂ ਤੋਂ ਰੋਟੀ ਮੰਗ ਕੇ ਖਾਣ ਵਿੱਚ ਸ਼ਰਮ ਮਹਿਸੂਸ ਨਹੀਂ ਕਰਦੇ ਜਦੋਂ ਕਿ ਸੈਣੀ ਅਜਿਹਾ ਕਦੇ ਨਹੀਂ ਕਰਦੇ।

ਮਾਲੀ ਜਾਤੀ ਦੀਆਂ ਔਰਤਾਂ ਦੂਜੇ ਦੇ ਖੇਤਾਂ ਵਿੱਚ ਮਜ਼ਦੂਰੀ ਵੀ ਕਰਦੀਆਂ ਹਨ ਜਦੋਂ ਕਿ ਸੈਣੀ ਔਰਤਾਂ ਇਹ ਕੰਮ ਕਦੇ ਵੀ ਨਹੀਂ ਕਰਦੀਆਂ।

ਮਹਾਤਮਾ ਫੂਲੇ ਆਪਣੀ ਪੁਸਤਕ ਵਿੱਚ ਆਪਣੇ ਆਪ ਨੂੰ ਮਾਲੀ ਦੱਸਦੇ ਹਨ। ਉਨ੍ਹਾਂ ਨੇ ਇਸ ਲਿਖਤ ਵਿੱਚ ਸਨਾਤਨ ਧਰਮ ਅਤੇ ਵੇਦਾਂ ਬਾਰੇ ਬਹੁਤ ਇਤਰਾਜ਼ਯੋਗ ਵਿਚਾਰ ਦਿੱਤੇ ਹਨ ਜਦੋਂ ਕਿ ਸੈਣੀਆਂ ਵਿੱਚ ਬਹੁਤ ਸਨਾਤਨੀ ਹਨ ਅਤੇ ਉਹ ਇਸ ਧਰਮ ਦਾ ਪੂਰਾ ਸਤਿਕਾਰ ਕਰਦੇ ਹਨ। ਇਤਿਹਾਸ ਵਿੱਚ ਦਰਜ ਹੈ ਕਿ ਜੰਮੂ ਦੇ ਸੈਣੀ ਰਾਜਾ ,ਸ਼ੇਰ ਸਿੰਘ ਸਲਾਰੀਆ ਨੇ ਸਨਾਤਨ ਧਰਮ ਦੀ ਰੱਖਿਆ ਹਿਤ ਆਪਣੀ ਜਾਨ ਵਾਰ ਦਿੱਤੀ ਸੀ।

ਸੈਣੀ ਜਾਤ ਨੇ ਕਈ ਬਹਾਦਰ ਰਾਜਿਆਂ ਨੂੰ ਜਨਮ ਦਿੱਤਾ ਜਿਨ੍ਹਾਂ ਵਿੱਚ ਮਹਾਰਾਜਾ ਸੂਰਸੈਣ,ਪੋਰਸ ਅਤੇ ਹੋਰ ਰਾਜੇ ਸ਼ਾਮਲ ਹਨ।ਸੈਣੀ ਜਾਤ ਦਾ ਨਾਮ ਮਹਾਰਾਜ ਸੂਰਸੈਣ ਤੋਂ ਹੀ ਪਿਆ।

ਮਾਲੀ ਇੱਕ ਸ਼ੂਦਰ ਜਾਤੀ ਹੈ ਜਦੋਂ ਕਿ ਸੈਣੀ ਚੰਦਰਵੰਸ਼ੀ ਕਸ਼ੱਤਰੀ ਹਨ ਜਿਸ ਦਾ ਮਹਾਂਭਾਰਤ ਦੇ ਸ਼ਲੋਕਾਂ ਵਿੱਚ ਜ਼ਿਕਰ ਹੈ।

❊ ❊ ❊ ❊ ❊

## ਵਧਾਈ

ਸੈਣੀ ਭਵਨ ਰੂਪਨਗਰ ਦੇ ਟਰੱਸਟੀ ਡਾ. ਜਸਵੰਤ ਕੌਰ (ਰਿਟਾ. ਐਸੋ. ਪ੍ਰੋਫੈਸਰ) ਨੇ ਆਪਣੇ ਪਿੰਡ ਦੇ ਪੁਰਾਣੇ ਅਤੇ ਨਵੇਂ ਲੋਕਾਂ ਅਤੇ ਸਥਾਨਾਂ ਬਾਰੇ ਖੋਜਭਰਪੂਰ ਪੁਸਤਕ 'ਲਸਾੜਾ-ਮੇਰਾ ਪਿੰਡ ਮੇਰੇ ਲੋਕ" ਲਿਖ ਕੇ ਆਪਣੇ ਬਜ਼ੁਰਗਾਂ ਦਾ ਕਰਜਾ ਅਦਾ ਕੀਤਾ ਹੈ। ਇਸ ਵਿਦਵਾਨ ਸਾਹਿਤਕਾਰ ਅਤੇ ਪਿੰਡਵਾਸੀਆਂ ਨੂੰ ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ ਲੱਖ-ਲੱਖ ਵਧਾਈ ਹੋਵੇ।

## HISOTRY OF RUPNAGAR

Rajiv Saini
Rupnagar



AD 991 -1700

The whole area of present Rupnagar District was included in the then Sirhind Province. Hence the history of Rupnagar District is contained in the medieval history of Sirhind Province. During the later half of the tenth century, the area of Rupnagar District alongwith the adjoining area was under the Hindushahi Dynasty.

Hindushahi Kingdom of Punjab ruled over this area from AD 991 to 1021. During this period Raja Jaipal (991-1001), Raja Anangpal (AD1001-1012) and Raja Trilochanpal were the kings. Raja Trilochanpal shifted his capital from Bathinda to Sirhind. On the death of last king and the flight of his son Bhimpal from the region, entire Shahi kingdom formed part of the dominions of Sultan Mahmud Ghazni.

Rajput rose to power after the fall of Hindushahi Kingdom. They first entered Ajmer and it appeares that by 1164 they occupied Delhi as well as the entire tract of territory lying between it and the Satluj. Sirhind and Bathinda were the important Military Stations on the northwestern frontier of the Rajput Kingdom. Prithvi Raj Chauhan the last king of the dynasty was defeated and killed in 1192 by Muhammad Ghori in the battle at Tarain.

Slave Dynesty remaind in power from AD 1206 to 1290. Qutab-Ud-din Aibak, was the first ruler of this Dynasty. During his reign, Sirhind was a important administrative unit. Realising the importance of Punjab, he shifted his capital from Delhi to Lahore. Iltutmish was the next ruler of the Slave Dynasty. During his reign, Mongols appeared for the first time in 1221 AD on the bank of the Indus under the celebrated leader Chingez Khan. After Iltutmish, Raziya was the first woman ruler of India of Slave Dynasty. The proud Turkish Nobles could not reconcile themselves to the rule of a woman and revolted against her.The first to revolt openly was Altunia who was the Governor of Sirhind at that time . Raziya tried to extricate herself from the critical situation by marrying Altunia, but to no effect. Raziya and her husband was put to death by her enemies on 12 December 1240. Balban (AD 1245-1287) ruled this country as a Prime Minister of Sultan Nasir-ud-din Mahmud. Kekubad was the last ruler of Slave Dynasty.

The throne of Delhi was usurped by Jalal-ud-din khilzi in 1290. He was assassinated at the instance of his nephew, Ala-ud-din on 19 July 1295, who became the ruler. During the reign of Ala-ud-din the Mongols under Kutlugh Khan, son of Amir Daud Khan invaded the Punjab again but Mongols were compelled to retreat. Death of Ala-ud-din on 19 December 1316 ended the rule of Khilzi Dynesty.

During AD 1321-1414, Mohammad Tughlaq and Firoz Shah Tughlaq were the important rulers of Tughlaq Dynasty.Timur invaded India in 1398. It also seems probable from the notes of some historians that somewhere in the hills, probably at Rupnagar, Rattan Singh, a local ruler opposed Timor but was defeated.

Khizr Khan the founder of Sayyid Dynasty, took possession of Delhi in 1414. Previously he was the Governor of Punjab on behalf of Timur. Sarang Khan in 1419 challenged the authority of Khizr Khan in Punjab. A battle was fought near Sirhind in which Sarang Khan was defeated by Sultan Shah Lodhi, then Governor of Sirhind. He was however able to escape to safety in the Shivalik Hills nearby via Rupnagar. Once again Sarang Khan challenged Khiz Khan but was again defeated at Rupnagar. Khizr Khan died on 20 May 1421 and his son Mubark Shah occupied the throne of Delhi.

During his time, the brave Khokhars grew more and more powerful and harassed Mubark Shah more than once.Their chiefs Jasrat aspired the establishment of their supremacy on the ruins of the Delhi Kingdom. He had ravaged the area of Punjab up to Rupnagar and

Sirhind. In October 1421, a wing of the royal army took Jasrat by surprise on his side of the river at Rupnagar. Jasrat slipped through the Royal Army and crossed the river to reach Jalandhar. In AD 1432 Jasrat Khokhar attacked Alla Dad, the Governor of the area from Jalandhar to Lahore. Alla Dad was defeated and driven to seek shelter farther east, probably at Rupnagar. Jasrat seems to have occupied the hilly portions of the present Jammu alongwith some claims to the hilly areas towards the east including the present Anandpur Sahib Tahsil of Rupnagar District.

In 1526 Babar laid the foundation of Mughal empire in India by defeating Ibrahim Lodhi in the first battle of Panipat and the whole of Punjab including the area of Rupnagar District fell under the Mughal Rule. Sher Shah Suri (1540-1545) snatched power from Humayun(1530-56)and during his rule the present area of Rupnagar District continued to be included in the province of Sirhind. Humayun recaptured his empire from the weak successors of Sher Shah Suri and appointed Bairam Khan as the Governor of Sirhind. After Humayun great Mughals like Akbar, Jahangir, Shahjhan and Aurangzeb ruled over Rupnagar.

During this period the teachings of Sikh Gurus also spread. The armed policy of sixth Guru Shri Hargobind Ji brought him in armed conflict with Mughal throne. The Guru fought four battles with Mughals and then reached in hill States. Raja of Kahlur donated a piece of land to Guru Hargobind, where he built a town named Kiratpur, now in Rupnagar District. Guru Hargobind spent remaining part of his life at Kiratpur Sahib. Guru Har Rai the seventh Guru of Sikhs was born at Kiratpur Sahib.He was the son of Baba Gurditta, the eldest son of Guru Hargobind. Guru Tegh Bahadur who became the ninth Sikh Guru in 1664, was very closely associated with the history of Rupnagar District. He laid the foundation of Anandpur Sahib. During the period of Guru Tegh Bahadur,Aurangzeb was the ruler of India He put many restrictions on Hindus and ordered to demolish the temples.

The Tenth Guru, Shri Guru Gobind Singh Ji was born at Patna on 26 December 1666.In 1672 Guru Tegh Bahadur purchased for a sum of Rs 5,000, a piece of fallow land from the Raja of Bilaspur. The land was situated at a distance of 8 km to the north below the hill of Naina Devi close to the village of Makhowal on the left bank of the Satluj. He called the town 'Nanaki Chak' after the name of his mother. Guru Tegh Bahadur alongwith his son came to Anandpur Sahib in 1673. The Guru opposed the cruelty of emperor. As a result on 11 Nov.1675 Guru Tegh Bahadur was inhumanly beheaded at Chandni Chowk (in Delhi) by the order of the Emperor Aurangzeb.

After the death of Ninth Guru, Gobind Rai (Guru Gobind Singh) became the Tenth Guru of Sikhs. The Guru left for Nahan on invitation of King of Sirmaur named Medhni Prakash.Guru Gobind Singh prepared a plan and issued a general invitation to the Sikhs to muster stronger than usual on the occasion of Baisakhi Festival in the year 1699. He addressed the mass gathering and chose Panj Piyare or 'Five Beloved' by administrating 'Amrit' (Nectar). He himself took 'Amrit' from 'Panj Piyaras' and created the Khalsa. He changed his name from Gobind Rai to Gobind Singh.

The first battle of Anandpur Sahib took place between Guru Gobind Singh ji and the Hill Rajas. Aurangzeb had also instructed the Governor of Punjab to take steps to crush the power of the Guru. After the defeat of first battle the Hill Rajas formed a coalition and decided to act in concert with one and another independently of the Mughals. Bhim Chand of Bilaspur became their leader and sent a message to the Guru to vacate Anandpur Sahib but the Guru declined this. On this second battle took place and Kesari Chand of Jaswan and Ghamand Chand of Kangra lost their lives. The survivors fled. After sometime a strong contingent of the Mughal army was seen advancing towards Anandpur. The Guru intercepted it at Nirmohgarh near Anandpur.Some hill chiefs also joined the Mughals but they were repulsed.

(To be continued in next issues)



ਤਿਮਾਹੀ ਜੁਲਾਈ-ਸਤੰਬਰ 2017 ਦੌਰਾਨ

## ਸੈਣੀ ਭਵਨ ਰੂਪਨਗਰ ਦੀਆਂ ਸਰਗਰਮੀਆਂ

ਬਲਬੀਰ ਸਿੰਘ ਸੈਣੀ
ਰੂਪਨਗਰ

**ਸਮਾਜਸੇਵੀ ਸ਼੍ਰੀ ਮੁੰਦਰਾ ਦੀ ਯਾਦ 'ਚ ਖ਼ੂਨਦਾਨ ਕੈਂਪ:-**

ਸਮਾਜ ਸੇਵੀ ਸੰਸਥਾ ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਵਲੋਂ ਸੰਸਥਾ ਦੇ ਮਰਹੂਮ ਚੇਅਰਮੈਨ ਮਹਾਂਦਾਨੀ ਸ਼੍ਰੀ ਐਲ. ਆਰ. ਮੁੰਦਰਾ ਦੀ ਯਾਦ ਨੂੰ ਸਮਰਪਿਤ 2 ਜੁਲਾਈ 2017 ਨੂੰ ਸੈਣੀ ਭਵਨ 'ਚ ਲਗਾਏ ਗਏ 8ਵੇਂ ਖ਼ੂਨਦਾਨ ਕੈਂਪ ਦੌਰਾਨ 70 ਵਿਅਕਤੀਆਂ ਨੇ ਖ਼ੂਨਦਾਨ ਕੀਤਾ ਜਦੋਂ ਕਿ ਕੈਂਪ ਵਿੱਚ 100 ਤੋਂ ਵੱਧ ਵਿਅਕਤੀ ਖ਼ੂਨਦਾਨ ਕਰਨ ਲਈ ਪਹੁੰਚੇ। ਕੈਂਪ ਦੌਰਾਨ ਰੋਟਰੀ ਐਂਡ ਬਲੱਡ ਬੈਂਕ ਸੁਸਾਇਟੀ ਰਿਸੋਰਸ ਸੈਂਟਰ ਚੰਡੀਗੜ੍ਹ ਦੀ ਟੀਮ ਨੇ ਡਾਇਰੈਕਟਰ ਡਾ. ਮੁਨੀਸ਼ ਰਾਏ ਦੀ ਅਗਵਾਈ 'ਚ ਖ਼ੂਨ ਇਕੱਤਰ ਕੀਤਾ। ਜ਼ਿਲ੍ਹਾ ਸਾਂਝ ਕੇਂਦਰ ਰੂਪਨਗਰ, ਇੰਨਰਵੀਲ੍ਹ ਕਲੱਬ ਰੂਪਨਗਰ, ਲਾਈਫ ਲਾਈਨ ਬੱਲਡ ਡੋਨਰ ਸੁਸਾਇਟੀ ਰੂਪਨਗਰ ਦੇ ਸਹਿਯੋਗ ਨਾਲ ਲਗਾਏ ਇਸ ਕੈਂਪ ਦਾ ਉਦਘਾਟਨ ਬ੍ਰਿਗੇਡੀਅਰ ਬਲਵਿੰਦਰ ਸਿੰਘ ਐਸ.ਐਮ. ਅਤੇ ਸਮਾਜ ਸੇਵੀ ਸ.ਸੁਖਵਿੰਦਰ ਸਿੰਘ ਸੁੱਖਾ ਲੰਬੜਦਾਰ ਪਪਰਾਲਾ ਨੇ ਕੀਤਾ। ਬ੍ਰਿਗੇਡੀਅਰ ਬਲਵਿੰਦਰ ਸਿੰਘ ਨੇ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਸੈਣੀ ਭਵਨ ਦੇ ਪ੍ਰਬੰਧਕਾਂ ਨੂੰ ਸਮਾਜ ਸੇਵਾ ਦੇ ਕਾਰਜਾਂ ਕਰਨ ਲਈ ਵਧਾਈ ਦਿੱਤੀ ਅਤੇ ਕਿਹਾ ਕਿ ਸਮਾਜ ਦੇ ਲੋਕਾਂ ਨੂੰ ਚੰਗੇ ਰਾਹ 'ਤੇ ਪਾਉਣਾ ਸ਼ਲਾਘਯੋਗ ਕਦਮ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵ ਤੋਂ ਬਚਾਉਣ ਲਈ ਸਮੂਹਿਕ ਹਮਲਾ ਮਾਰਿਆ ਜਾਣਾ ਚਾਹੀਦਾ ਹੈ। ਇਸ ਮੌਕੇ ਸੁਖਵਿੰਦਰ ਸਿੰਘ ਸੁੱਖਾ ਨੇ ਕਿਹਾ ਕਿ ਮਰਹੂਮ ਸ਼੍ਰੀ ਐਲ .ਆਰ. ਮੁੰਦਰਾ ਵਲੋਂ ਸਮਾਜ ਲਈ ਕੀਤੀ ਸੇਵਾ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਇਸ ਮੌਕੇ ਬ੍ਰਿਗੇਡੀਅਰ ਬਲਵਿੰਦਰ ਸਿੰਘ ਦੀ ਧਰਮਪਤਨੀ ਡਾ.ਹਰਲੀਨ ਗਿਰਨ ਨੇ ਵੀ ਸਮਾਜ ਸੇਵਾ ਪ੍ਰਤੀ ਸੰਸਥਾ ਅਤੇ ਬਲੱਡ ਡੋਨਰਜ਼ ਵਲੋਂ ਵਿਖਾਏ ਜਾ ਰਹੇ ਉਤਸ਼ਾਹ ਦੀ ਭਰਪੂਰ ਪ੍ਰਸ਼ੰਸਾ ਕੀਤੀ।

ਕੈਂਪ ਦੌਰਾਨ ਨਹਿਰੂ ਯੁਵਾ ਕੇਦਰ ਰੂਪਨਗਰ ਵਲੋਂ ਯੂਥ ਹੋਸਟਲ ਵਿਖੇ ਆਯੋਜਿਤ ਰਾਜ ਪੱਧਰੀ ਰਾਸ਼ਟਰੀ ਯੁਵਾ ਵਲੰਟਰੀਅਜ਼ ਟਰੇਨਿੰਗ ਕੈਂਪ 'ਚ ਭਾਗ ਲੈ ਰਹੇ 31 ਨੌਜਵਾਨਾਂ ਨੇ ਵੀ ਖ਼ੂਨਦਾਨ ਕੀਤਾ। ਕੈਂਪ ਵਿੱਚ ਸ਼੍ਰੀ ਅਸ਼ਵਨੀ ਸੋਨੀ ਨੇ 40ਵੀਂ ਵਾਰ,ਸ. ਦਲਜੀਤ ਸਿੰਘ ਨੇ 29ਵੀ ਵਾਰ,ਸ.ਸੁਰਜੀਤ ਸਿੰਘ ਸਿਲੋਮਾਸਕੋ ਨੇ 27ਵੀ ਵਾਰ, ਸ਼੍ਰੀ ਰਾਹੁਲ ਧਨਕੜ ਹਰਿਆਣਾ ਨੇ 25ਵੀਂ ਵਾਰ, ਸ਼੍ਰੀ ਅਮਿਤ ਸੈਣੀ ਨੇ 19ਵੀ ਵਾਰ, ਸ.ਬਲਜਿੰਦਰ ਸਿੰਘ ਨੇ 15ਵੀ ਵਾਰ ਅਤੇ ਸ.ਚਰਨਦੀਪ ਚੈਰੀ ਤੇ ਸ.ਰਣਜੀਤ ਸਿੰਘ ਨੇ 11ਵੀਂ ਵਾਰ ਖ਼ੂਨਦਾਨ ਕੀਤਾ। ਖ਼ੂਨਦਾਨ ਕਰਨ ਵਾਲਿਆ 'ਚ 16 ਲੜਕੀਆਂ ਵੀ ਸ਼ਾਮਲ ਸਨ। ਸਮਾਗਮ ਦੌਰਾਨ ਸੰਸਥਾ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ ਨੇ ਸੈਣੀ ਭਵਨ ਦੀ ਸਮਾਜਿਕ ਗਤੀਵਿਧੀਆਂ 'ਤੇ ਚਾਨਣਾ ਪਾਇਆ ਅਤੇ ਪੀ.ਆਰ.ਓ. ਰਾਜਿੰਦਰ ਸੈਣੀ ਨੇ ਆਏ ਮਹਿਮਾਨਾਂ ਅਤੇ ਡੋਨਰਜ਼ ਦਾ ਸੁਆਗਤ ਕੀਤਾ ਅਤੇ ਸ਼੍ਰੀ ਐਲ. ਆਰ. ਮੁੰਦਰਾ ਦੇ ਸਮਾਜ ਸੇਵੀ ਕੰਮਾਂ ਨੂੰ ਯਾਦ ਕੀਤਾ। ਸਕੱਤਰ ਸ.ਬਲਬੀਰ ਸਿੰਘ ਸੈਣੀ ਨੇ ਮਹਿਮਾਨਾਂ ਤੇ ਡੋਨਰਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਸੰਤ ਬਾਬਾ ਅਵਤਾਰ ਸਿੰਘ ਜੀ ਗੁਰੂਦੁਆਰਾ ਹੈਡ ਦਰਬਾਰ ਕੋਟਿ ਪੁਰਾਣ ਵਾਲੇ, ਇੰਨਰਵੀਲ੍ਹ ਕਲੱਬ ਦੇ ਪ੍ਰਧਾਨ ਸ਼੍ਰੀਮਤੀ ਮੀਨੂੰ ਗਰੋਵਰ ਤੇ ਸਕੱਤਰ ਸ਼੍ਰੀਮਤੀ ਚੰਦਰ ਕਾਂਤਾ ਸੈਣੀ, ਮੇਜਰ ਜਗਮੋਹਨ ਸਿੰਘ ਸੈਣੀ, ਐਮ. ਸੀ. ਗੁਰਮੁੱਖ ਸਿੰਘ ਤੇ ਕਰਨੈਲ ਸਿੰਘ ਤੰਬੜ, ਇੰਜ ਕਰਨੈਲ ਸਿੰਘ, ਸ.ਗੁਰਮੱਖ ਸਿੰਘ ਲੋਂਗੀਆ, ਸ.ਰਾਮ ਸਿੰਘ ਸੈਣੀ, ਡਾ. ਜਸਵੰਤ ਕੌਰ,ਸ.ਅਜਮੇਰ ਸਿੰਘ,ਸ.ਗੁਰਚਰਨ ਸਿੰਘ,ਸ.ਪ੍ਰਿਤਪਾਲ ਸਿੰਘ, ਸ.ਰਾਜਿਦਰ ਸਿੰਘ, ਸ਼੍ਰੀ ਸਤੀਸ਼ ਸੈਣੀ, ਸ.ਅਮਰਜੀਤ ਸਿੰਘ, ਐਡਵੋਕੇਟ ਰਾਵਿੰਦਰ ਸਿੰਘ ਮੁੰਦਰਾ, ਸ.ਕਮਲਜੀਤ ਸਿੰਘ ਬਾਬਾ,ਸ.ਦਲਜੀਤ ਸਿੰਘ, ਸ.ਅਜੀਤ ਸਿੰਘ,ਸ.ਹਰਜੀਤ ਸਿੰਘ ਲੋਂਗੀਆ,ਸ਼੍ਰੀਮਤੀ ਵਿਜੇ ਲਛਮੀ ਸੈਣੀ ਆਦਿ ਨੇ ਖ਼ੂਨਦਾਨੀਆਂ ਨੂੰ ਅਸ਼ੀਰਵਾਦ ਦਿੱਤਾ।

**ਮੈਗਜ਼ੀਨ "ਸੈਣੀ ਸੰਸਾਰ" ਦਾ 26ਵਾਂ ਅੰਕ ਲੋਕਅਰਪਣ:-**

ਇਸ ਸੰਸਥਾ ਵਲੋਂ ਪ੍ਰਕਾਸ਼ਿਤ ਸਮਾਜਿਕ ਚੇਤਨਾ ਦੇ ਪ੍ਰਤੀਕ ਤਿਮਾਹੀ ਮੈਗਜ਼ੀਨ "ਸੈਣੀ ਸੰਸਾਰ" ਦਾ 26ਵਾਂ ਅੰਕ 2 ਜੁਲਾਈ 2017 ਨੂੰ ਜਾਰੀ ਕੀਤਾ ਗਿਆ। ਸੰਸਥਾ ਦੇ ਮਰਹੂਮ ਚੇਅਰਮੈਨ ਸ਼੍ਰੀ ਐਲ. ਆਰ. ਮੁੰਦਰਾ ਦੀ ਯਾਦ ਨੂੰ ਸਮਰਪਿਤ ਇਸ ਮੈਗਜ਼ੀਨ ਨੂੰ ਜਾਰੀ ਕਰਨ ਦੀ ਰਸਮ ਸਾਂਝੇ ਤੌਰ ਤੇ ਬ੍ਰਿਗੇਡੀਅਰ ਬਲਵਿੰਦਰ ਸਿੰਘ ਐਸ ਐਮ ਅਤੇ ਸਮਾਜ ਸੇਵੀ ਸੁਖਵਿੰਦਰ ਸਿੰਘ ਸੁੱਖਾ ਲੰਬੜਦਾਰ ਪਪਰਾਲਾ ਨੇ ਅਦਾ ਕੀਤੀ। ਬ੍ਰਿਗੇਡੀਅਰ ਬਲਵਿੰਦਰ ਸਿੰਘ ਨੇ ਇਸ ਮੌਕੇ ਤੇ ਬੋਲਦਿਆਂ ਸੈਣੀ ਭਵਨ ਦੀ ਸੰਸਥਾ ਵਲੋਂ ਇਸ ਮੈਗਜ਼ੀਨ ਰਾਹੀ ਸਮਾਜ ਦੇ ਲੋਕਾਂ ਨੂੰ ਗਿਆਨਭਰਪੂਰ ਸਾਹਿਤ ਨਾਲ ਜੋੜਣ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਲੜਕੀਆਂ ਨੂੰ ਉਚੇਰੀ ਸਿੱਖਿਆ ਲਈ ਉਤਸ਼ਾਹਿਤ ਕਰਨ ਦੀ ਲੋੜ ਤੇ ਜ਼ੋਰ ਦਿੱਤਾ। ਉਨ੍ਹਾ ਕਿਹਾ ਕਿ ਹੁਣ ਸਰਕਾਰਾਂ ਵਲੋਂ ਲੜਕੀਆਂ ਨੂੰ 50 ਫੀਸਦੀ ਰਾਖਵਾਂਕਰਨ ਦਾ ਲਾਭ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ ਇਸ ਲਈ ਲੜਕੀਆਂ ਨੂੰ ਅੱਗੇ ਵੱਧਣ ਦੇ ਮੌਕੇ ਦੇਣ ਲਈ ਉਨ੍ਹਾਂ ਦਾ ਸਿਖਿਅਤ ਹੋਣਾ ਬਹੁਤ ਜ਼ਰੂਰੀ ਹੈ। ਬ੍ਰਿਗੇਡੀਅਰ ਬਲਵਿੰਦਰ ਸਿੰਘ ਨੇ ਇਸ ਮੌਕੇ ਸੈਣੀ ਭਵਨ ਦੀ ਸੰਸਥਾ ਨੂੰ 21 ਹਜ਼ਾਰ ਰੁਪਏ ਅਤੇ ਸ. ਸੁਖਵਿੰਦਰ ਸਿੰਘ ਸੁੱਖਾ ਨੇ 11 ਹਜ਼ਾਰ ਰੁਪਏ ਦੀ ਮਾਲੀ ਮਦਦ ਦਿੱਤੀ।

ਇਸ ਮੌਕੇ ਸੰਸਥਾ ਦੇ ਪ੍ਰਧਾਨ ਅਤੇ ਮੈਗਜ਼ੀਨ ਦੇ ਚੀਫ ਐਡੀਟਰ ਡਾ. ਅਜਮੇਰ ਸਿੰਘ ਤੰਬੜ ਨੇ "ਸੈਣੀ ਸੰਸਾਰ" ਮੈਗਜ਼ੀਨ ਰਾਹੀ ਲੋਕਾਂ ਨੂੰ ਪੇਸ਼ ਕੀਤੇ ਜਾਂਦੇ ਸਾਹਿਤ ਅਤੇ ਸੈਣੀ ਭਵਨ ਵਲੋਂ ਚਲਾਏ ਜਾ ਰਹੇ ਕਾਰਜਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਸੰਸਥਾ ਦੇ ਪੀ.ਆਰ.ਓ. ਰਾਜਿੰਦਰ ਸੈਣੀ ਨੇ ਦੱਸਿਆ ਕਿ ਇਸ ਵਿਸ਼ੇਸ਼ ਅੰਕ 'ਚ ਸੰਸਥਾ ਦੇ ਮਰਹੂਮ ਚੇਅਰਮੈਨ ਐਲ.ਆਰ.ਮੁੰਦਰਾ ਦੇ ਜੀਵਨ ਅਤੇ ਉਨ੍ਹਾਂ ਦੇ ਸਮਾਜ ਸੇਵੀ ਕਾਰਜਾਂ ਬਾਰੇ ਜਾਣਕਾਰੀ ਦੇਣ ਦਾ ਯਤਨ ਕੀਤਾ ਗਿਆ ਹੈ। ਇਸ ਮੌਕੇ ਸੰਸਥਾ ਦੀ ਪ੍ਰਬੰਧਕੀ ਕਮੇਟੀ ਦੇ ਟਰੱਸਟੀ ਅਤੇ ਮੈਂਬਰਜ਼ ਡਾ. ਜਸਵੰਤ ਕੌਰ, ਰਾਮ ਸਿੰਘ ਸੈਣੀ, ਕੈਪਟਨ ਹਾਕਮ ਸਿੰਘ, ਬੀ. ਐਸ. ਪਾਬਲਾ, ਗੁਰਮੁੱਖ ਸਿੰਘ ਲੌਂਗੀਆ, ਇੰਜ. ਕਰਨੈਲ ਸਿੰਘ, ਅਮਰਜੀਤ ਸਿੰਘ, ਰਾਵਿੰਦਰ ਸਿੰਘ ਮੁੰਦਰਾ, ਅਜੀਤ ਸਿੰਘ ਬਜਾਜ, ਸ਼ਤੀਸ਼ ਸੈਣੀ, ਰਾਜਿੰਦਰ ਸਿੰਘ, ਅਜਮੇਰ ਸਿੰਘ ਧਮੜੈਤ, ਗੁਰਚਰਨ ਸਿੰਘ, ਪ੍ਰਿਤਪਾਲ ਸਿੰਘ, ਸੁਰਿੰਦਰ ਸਿੰਘ, ਹਰਦੀਪ ਸਿੰਘ ਆਦਿ ਤੋਂ ਇਲਾਵਾ ਵੱਖ ਵੱਖ ਸੰਸਥਾਵਾਂ ਦੇ ਨੁਮਾਇੰਦੇ ਵੀ ਹਾਜ਼ਰ ਸਨ।

**ਸਿੱਖਿਆਰਥਣਾਂ ਨੇ ਮਨਾਇਆ ਤੀਆਂ ਦਾ ਤਿਉਹਾਰ:-**

ਸੈਣੀ ਭਵਨ ਵਿਖੇ ਵੱਖ ਵੱਖ ਕੋਰਸ ਕਰ ਰਹੀਆਂ ਸਿੱਖਿਆਰਥਣਾਂ ਨੇ 28 ਜੁਲਾਈ 2017 ਨੂੰ ਤੀਆਂ ਦਾ ਤਿਉਹਾਰ ਪੂਰੇ ਉਤਸ਼ਾਹ ਨਾਲ ਨੱਚ-ਟੱਪ ਕੇ ਮਨਾਇਆ। ਇੰਨਰਵੀਲ੍ਹ ਕਲੱਬ ਰੂਪਨਗਰ ਦੇ ਸਹਿਯੋਗ ਨਾਲ ਆਯੋਜਤ ਇਸ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਸੇਂਟ ਕਾਰਮਲ ਸਕੂਲ ਦੇ ਐਮ. ਡੀ. ਸ਼੍ਰੀਮਤੀ ਮਾਧੁਰੀ ਸੈਣੀ ਅਤੇ ਵਿਸ਼ੇਸ਼ ਮਹਿਮਾਨ ਵਜੋਂ ਡੀ.ਐਸ.ਪੀ. ਸੰਦੀਪ ਕੌਰ ਤੇ ਸਮਾਜ ਸੇਵੀ ਹਰਿੰਦਰ ਸੈਣੀ ਨੇ ਸ਼ਿਰਕਤ ਕੀਤੀ। ਇਸ ਮੌਕੇ ਇੰਨਰਵੀਲ੍ਹ ਕਲੱਬ ਦੇ ਪ੍ਰਧਾਨ ਸ਼੍ਰੀਮਤੀ ਮਿੰਨੂ ਗਰੋਵਰ, ਸਕੱਤਰ ਸ਼੍ਰੀਮਤੀ ਚੰਦਰ ਕਾਂਤਾ ਤੇ ਕਲੱਬ ਮੈਂਬਰ ਵੀ ਹਾਜ਼ਰ ਸਨ। ਸਮਾਗਮ ਵਿੱਚ ਹਾਜ਼ਰ ਮਹਿਮਾਨਾਂ ਨੇ ਵੀ ਲੜਕੀਆਂ ਨਾਲ ਨੱਚ ਕੇ ਤੀਆਂ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆ। ਇਸ ਮੌਕੇ ਪੁੱਜੇ ਮਹਿਮਾਨਾਂ ਨੇ ਤੀਆਂ ਦੇ ਤਿਉਹਾਰ ਦੀ ਸਭ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸਾਡੇ ਤਿਉਹਾਰ ਸਮਾਜਿਕ ਏਕਤਾ ਦੇ ਪ੍ਰਤੀਕ ਹਨ। ਇਹ ਆਪਸੀ ਪਿਆਰ ਅਤੇ ਦਿਲਾਂ ਦੀ ਸਾਂਝ ਨੂੰ ਮਜ਼ਬੂਤ ਬਣਾਉਦੇ ਹਨ। ਇਨ੍ਹਾਂ ਨੇ ਸੈਣੀ ਭਵਨ ਦੇ ਪ੍ਰਬੰਧਕਾਂ ਨੂੰ ਸਮਾਜ ਸੇਵਾ ਦੇ ਕਾਰਜਾਂ ਲਈ ਵੀ ਵਧਾਈ ਦਿੱਤੀ ਇਨ੍ਹਾਂ ਕਾਰਜਾਂ ਲਈ ਐਮ.ਡੀ ਸ਼੍ਰੀਮਤੀ ਮਾਧੁਰੀ ਸੈਣੀ ਨੇ 11 ਹਜ਼ਾਰ ਰੁਪਏ, ਸ਼੍ਰੀਮਤੀ ਹਰਿੰਦਰ ਕੌਰ ਨੇ 5100/- ਰੁਪਏ, ਇੰਨਰਵੀਲ੍ਹ ਕਲੱਬ ਨੇ 2100/- ਰੁਪਏ ਅਤੇ ਮੈਡਮ ਭਗਵੰਤ ਕੌਰ ਨੇ 500/- ਰੁਪਏ ਦਾਨ ਕੀਤੇ। ਉਨ੍ਹਾ ਲੜਕੀਆਂ ਵਲੋਂ ਪੇਸ਼ ਪ੍ਰੋਗਰਾਮ ਦੀ ਪ੍ਰਸ਼ੰਸਾ ਵੀ ਕੀਤੀ। ਸਮਾਗਮ ਨੂੰ ਸੈਂਟ ਕਾਰਮਲ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਪਰਵਿੰਦਰ ਕੌਰ, ਸੈਣੀ ਭਵਨ ਦੇ ਪ੍ਰਧਾਨ ਡਾ. ਅਜਮੇਰ ਸਿੰਘ, ਟਰੱਸਟੀ ਡਾ. ਜਸਵੰਤ ਕੌਰ, ਪੀਆਰਓ ਰਾਜਿੰਦਰ ਸੈਣੀ, ਸ.ਗੁਰਮੁੱਖ ਸਿੰਘ ਲੌਂਗੀਆ, ਸ਼੍ਰੀਮਤੀ ਭਗਵੰਤ ਕੌਰ ਨੇ ਵੀ ਸੰਬੋਧਨ ਕੀਤਾ। ਇਸ ਸਮੇ ਸੈਣੀ ਭਵਨ ਦੇ ਪ੍ਰਬੰਧਕਾਂ ਤੋਂ ਇਲਾਵਾ ਜ਼ਿਲ੍ਹਾ ਯੂਥ ਕੁਆਰਡੀਨੇਟਰ ਸ਼੍ਰੀ ਸੁਰਿੰਦਰ ਸੈਣੀ ਵੀ ਹਾਜ਼ਰ ਸਨ।

**ਮਹਾਂਦਾਨੀ ਲੈਫ਼ ਕਰਨਲ ਜੀ. ਆਰ. ਸੈਣੀ ਨੂੰ 100ਵੇਂ ਜਨਮ ਦਿਨ 'ਤੇ ਦਿੱਤੀ ਵਧਾਈ:-**

ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਨੇ 9 ਅਗਸਤ 2017 ਨੂੰ ਟਰੱਸਟ ਦੇ ਮਹਾਂਦਾਨੀ ਲੈਫ਼ ਕਰਨਲ (ਰਿਟਾ.) ਜੀ. ਆਰ. ਸੈਣੀ ਦੇ 100ਵੇਂ ਜਨਮ ਦਿਨ 'ਤੇ ਉਨ੍ਹਾਂ ਦੇ ਨਿਵਾਸ ਸਥਾਨ ਡੀ.ਸੀ. ਰੋਡ ਹੁਸ਼ਿਆਰਪੁਰ ਵਿਖੇ ਪੁੱਜ ਕੇ ਵਧਾਈ ਦਿੱਤੀ। ਇਸ ਮੌਕੇ ਤੇ ਟਰੱਸਟ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ, ਸਕੱਤਰ ਬਲਬੀਰ ਸਿੰਘ ਸੈਣੀ, ਟਰੱਸਟੀਜ਼ ਡਾ. ਜਸਵੰਤ ਕੌਰ ਸੈਣੀ, ਅਜੀਤ ਸਿੰਘ ਅਤੇ ਰਾਜਿੰਦਰ ਸੈਣੀ ਨੇ ਟਰੱਸਟ ਦੀ ਮਹਾਂਦਾਨੀ ਸ਼ਖ਼ਸੀਅਤ ਨਾਲ ਉਨ੍ਹਾਂ ਦੇ 100ਵੇਂ ਜਨਮ ਦਿਨ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ ਅਤੇ ਉਨ੍ਹਾਂ ਦੇ ਖੁਸ਼ਹਾਲ ਜੀਵਨ ਦੀ ਕਾਮਨਾ ਕੀਤੀ। ਆਪਣੇ ਜੀਵਨ ਦੇ 99 ਸਾਲ ਦੀ ਉਮਰ ਵਿੱਚ ਵੀ ਦਿਮਾਗੀ ਤੌਰ 'ਤੇ ਪੂਰਨ ਰੂਪ ਵਿੱਚ ਚੌਕੰਨੇ ਅਤੇ ਤੰਦਰੁਸਤ ਕਰਨਲ ਸੈਣੀ ਨੇ ਸੈਣੀ ਭਵਨ ਦੇ ਸਵਰਗਵਾਸ ਹੋਏ ਚੇਅਰਮੈਨ ਐਲ. ਆਰ. ਮੁੰਦਰਾ ਨੂੰ ਯਾਦ ਕਰਦਿਆ ਕਿਹਾ ਕਿ ਉਨ੍ਹਾਂ ਨੇ ਸਿੱਖਿਆ ਨੂੰ ਉਤਸ਼ਾਹਿਤ ਕਰਨ ਅਤੇ ਸਮਾਜਸੇਵਾ ਲਈ ਆਪਣਾ ਪੂਰਾ ਜੀਵਨ ਸਮਰਪਿਤ ਕਰਕੇ ਇੱਕ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਕਿਹਾ ਕਿ ਆਰਥਿਕ ਤੌਰ ਤੇ ਕਮਜ਼ੋਰ ਬੱਚਿਆਂ ਦੀ ਵਿਦਿਆ ਹਾਸਲ ਕਰਨ ਲਈ ਮਦਦ ਕਰਨਾ ਸਭ ਤੋਂ ਉਤਮ ਦਾਨ ਹੈ ਅਤੇ ਇਹ ਕੰਮ ਕਰਨ ਲਈ ਉਪਰਾਲੇ ਲਗਾਤਾਰ ਜਾਰੀ ਰੱਖੇ ਜਾਣ। ਇਹ ਬਹੁਤ ਹੀ ਚੰਗਾ ਲਗ ਰਿਹਾ ਹੈ ਕਿ ਸੈਣੀ ਭਵਨ ਰੂਪਨਗਰ ਇਸ ਗੱਲ ਵੱਲ ਵਿਸ਼ੇਸ਼ ਧਿਆਨ ਦੇ ਰਿਹਾ ਹੈ।

ਇਸ ਮੌਕੇ ਡਾ. ਅਜਮੇਰ ਸਿੰਘ ਤੰਬੜ ਨੇ ਕਰਨਲ ਜੀ.ਆਰ. ਸੈਣੀ ਵਲੋਂ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਪਾਏ ਗਏ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਮੌਕੇ ਕਰਨਲ ਸਾਹਿਬ ਦੀ ਦੋਹਤ ਨੂੰਹ ਸ਼੍ਰੀਮਤੀ ਗੁਰਜਿੰਦਰ ਕੌਰ ਪਤਨੀ ਸ਼੍ਰੀ ਰਾਜੇਸ਼ ਚੌਧਰੀ ਨੇ ਸਕਾਲਰਸ਼ਿਪ ਦੇਣ ਲਈ ਟਰੱਸਟ ਨੂੰ 25 ਹਜ਼ਾਰ ਰੁਪਏ ਦੀ ਰਾਸ਼ੀ ਦਾਨ ਕੀਤੀ। ਇੱਥੇ ਇਹ ਵਰਨਣਯੋਗ ਹੈ ਕਿ ਕਰਨਲ ਜੀ.ਆਰ. ਸੈਣੀ ਵਲੋਂ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਨੂੰ 20 ਲੱਖ 45 ਹਜ਼ਾਰ ਰੁਪਏ ਦੀ ਰਾਸ਼ੀ ਦਾਨ ਕੀਤੀ ਗਈ ਹੈ ਅਤੇ ਜਿਸ ਦੇ ਵਿਆਜ ਨਾਲ ਕੋਈ ਦੋ ਦਰਜਨ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਪੜ੍ਹਾਈ ਜਾਰੀ ਰੱਖਣ ਲਈ ਹਰ ਸਾਲ ਵਜ਼ੀਫੇ ਦਿੱਤੇ ਜਾਂਦੇ ਹਨ। ਇਸ ਮੌਕੇ ਕਰਨਲ ਸਾਹਿਬ ਦੇ ਨਜ਼ਦੀਕੀ ਸਬੰਧੀ ਸ.ਜਸਵੰਤ ਸਿੰਘ ਵੀ ਹਾਜ਼ਰ ਸਨ।

**ਸਿੱਖਿਆਰਥਣਾਂ ਦੇ ਹੁਨਰ ਮੁਕਾਬਲੇ :**

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਵਲੋਂ ਸੈਣੀ ਭਵਨ ਵਿਖੇ ਲੜਕੀਆਂ ਲਈ ਚਲਾਏ ਜਾ ਰਹੇ ਸਿਲਾਈ

ਕਢਾਈ ਸਕੂਲ, ਫੈਸ਼ਨ ਡਿਜ਼ਾਈਨਿੰਗ ਅਤੇ ਬਿਊਟੀਸ਼ਨ ਕੋਰਸ ਦੇ ਸੈਂਟਰਾਂ ਵਿੱਚ ਸਿਖਲਾਈ ਪ੍ਰਾਪਤ ਕਰ ਰਹੀਆਂ ਸਿੱਖਿਆਰਥਣਾਂ ਦੇ 8 ਸਤੰਬਰ, 2017 ਨੂੰ ਹੁਨਰ ਮੁਕਾਬਲੇ ਕਰਵਾਏ ਗਏ। ਟਰੱਸਟੀ ਡਾ. ਜਸਵੰਤ ਕੌਰ ਅਤੇ ਪ੍ਰਿੰਸੀਪਲ ਅਮਰਜੀਤ ਸਿੰਘ ਦੀ ਅਗਵਾਈ ਵਿੱਚ ਕਰਵਾਏ ਇਨ੍ਹਾਂ ਮੁਕਾਬਲਿਆਂ ਵਿੱਚ ਸਮੂਹ ਸਿੱਖਿਆਰਥਣਾਂ ਨੇ ਭਾਗ ਲਿਆ। ਜੱਜਾਂ ਦੀ ਭੂਮਿਕਾ ਮੈਡਮ ਭਗੰਵਤ ਕੌਰ, ਸ਼੍ਰੀਮਤੀ ਸੰਤੋਸ਼ ਸੈਣੀ ਤੇ ਸ਼੍ਰੀਮਤੀ ਸੁਮਿਤਾ ਸੈਣੀ ਨੇ ਨਿਭਾਈ। ਸਿੱਖਆਰਥਣਾਂ ਦੇ ਕਰਵਾਏ ਗਏ ਹੁਨਰ ਮੁਕਾਬਲਿਆਂ ਦੌਰਾਨ ਕਢਾਈ ਦੇ ਮੁਕਾਬਲੇ ਵਿੱਚ ਨਵਨੀਤ ਕੌਰ ਨੇ ਪਹਿਲਾ ਤੇ ਬੀਨਾ ਨੇ ਦੂਜਾ ਸਥਾਨ ਹਾਸਿਲ ਕੀਤਾ। ਪੇਂਟਿੰਗ ਮੁਕਾਬਲੇ ਵਿੱਚ ਅਰਸ਼ਪ੍ਰੀਤ ਕੌਰ ਨੇ ਪਹਿਲਾ ਤੇ ਖੁਸ਼ਬੂ ਨੇ ਦੂਜਾ, ਸਲਵਾਰ ਦੇ ਪੌਂਚੇ ਮੁਕਾਬਲੇ ਵਿੱਚ ਮਨਪ੍ਰੀਤ ਕੌਰ ਨੇ ਪਹਿਲਾ ਤੇ ਬਲਵਿੰਦਰ ਕੌਰ ਨੇ ਦੂਜਾ, ਗਲੇ ਦੇ ਡਿਜਾਇਨ ਮੁਕਾਬਲੇ ਵਿੱਚ ਗੁਰਪ੍ਰੀਤ ਕੌਰ ਨੇ ਪਹਿਲਾ ਤੇ ਕੁਲਵਿੰਦਰ ਕੌਰ ਨੇ ਦੂਜਾ, ਪੈਸ਼ਨ ਡਿਜਾਇਨ ਵਿੱਚ ਕੁਲਦੀਪ ਕੌਰ ਨੇ ਪਹਿਲਾ ਤੇ ਕੁਸਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

ਬਿਊਟੀਸ਼ਨ ਆਰਟ ਦੇ ਮੇਂਹਦੀ ਮੁਕਾਬਲੇ ਵਿੱਚ ਜਿੰਦਰ ਕੌਰ ਨੇ ਪਹਿਲਾ ਤੇ ਬਬੀਤਾ ਨੇ ਦੂਜਾ ਅਤੇ ਹੇਅਰ ਸਟਾਇਲ ਮੁਕਾਬਲੇ ਵਿੱਚ ਰੀਮਾ ਨੇ ਪਹਿਲਾ ਅਤੇ ਦਲਬੀਰ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਟਰੱਸਟ ਦੇ ਸਕੱਤਰ ਬਲਬੀਰ ਸਿੰਘ ਸੈਣੀ ਨੇ ਸਿੱਖਿਆਰਥਣਾਂ ਦੇ ਹੁਨਰ ਮੁਕਾਬਲੇ ਕਰਵਾਉਣ ਲਈ ਡਾ. ਜਸਵੰਤ ਕੌਰ ਪ੍ਰਿੰਸੀਪਲ ਅਮਰਜੀਤ ਸਿੰਘ, ਜੱਜਾਂ ਦੀ ਸੇਵਾ ਨਿਭਾਉਣ ਲਈ ਮੈਡਮ ਭਗੰਵਤ ਕੌਰ, ਸੰਤੋਸ਼ ਸੈਣੀ ਤੇ ਸੁਮਿਤਾ ਸੈਣੀ ਅਤੇ ਅਧਿਆਪਕਾਵਾਂ ਕਿਰਨ ਜੋਸ਼ੀ, ਉਰਮਲਾ ਸ਼ਰਮਾ, ਅਮਨਦੀਪ ਕੌਰ ਅਤੇ ਅਮਨ ਕੌਰ ਦਾ ਧੰਨਵਾਦ ਕੀਤਾ।

**ਸਮਾਜਸੇਵੀ ਸ. ਗੁਰਦਾਸ ਸਿੰਘ ਨੂੰ ਸ਼ਰਧਾਂਜਲੀ-**

ਸੈਣੀ ਭਵਨ ਰੂਪਨਗਰ ਦੀ ਪ੍ਰਬੰਧਕੀ ਕਮੇਟੀ ਦੇ ਸਰਗਰਮ ਮੈਂਬਰ ਸ. ਗੁਰਦਾਸ ਸਿੰਘ (72) ਨਿਵਾਸੀ ਨਰਿੰਦਰਾ ਕਾਲੋਨੀ ਰੂਪਨਗਰ ਦਾ 10 ਜੁਲਾਈ, 2017 ਨੂੰ ਦੇਹਾਂਤ ਹੋ ਗਿਆ। ਉਹ ਕੁੱਝ ਸਮੇ ਤੋਂ ਬਿਮਾਰ ਚਲ ਰਹੇ ਸਨ। ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਨੇ ਉਨਾਂ ਦੇ ਅਕਾਲ ਚਲਾਣੇ 'ਤੇ ਗਹਿਰੇ ਦੁਖ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਵਲੋਂ ਸਮਾਜ ਪ੍ਰਤੀ ਨਿਭਾਈਆਂ ਸੇਵਾਵਾਂ ਨੂੰ ਯਾਦ ਕੀਤਾ।ਮੂਲ ਰੂਪ 'ਚ ਪਿੰਡ ਭਿਉਰਾ ਦੇ ਜੰਮਪਲ ਸਾਬਕਾ ਸੈਨਿਕ ਸ. ਗੁਰਦਾਸ ਸਿੰਘ ਨੇ ਰੇਲਵੇ 'ਚ ਵੀ ਨੌਕਰੀ ਕੀਤੀ ਅਤੇ ਸੇਵਾਮੁਕਤੀ ਤੋਂ ਬਾਅਦ ਉਨ੍ਹਾਂ ਆਪਣਾ ਬਹੁਤਾ ਸਮਾਂ ਸਮਾਜ ਸੇਵੀ ਕੰਮਾਂ 'ਚ ਗੁਜ਼ਾਰਿਆ। ਉਹ ਬਜ਼ੁਰਗਾਂ ਲੋਕਾਂ ਲਈ ਬਣਾਏ ''ਆਪਣਾ ਘਰ" ਹਵੇਲੀ ਕਲਾਂ ਦੇ ਲਾਈਫ ਮੈਂਬਰ ਅਤੇ ਸੀਨੀਅਰ ਸਿਟੀਜ਼ਨਜ਼ ਕੌਂਸਲ ਦੇ ਵੀ ਸਰਗਰਮ ਮੈਂਬਰ ਸਨ। ਉਨ੍ਹਾਂ ਦੇ ਅੰਤਮ ਸਸਕਾਰ ਮੌਕੇ ਸਮਾਜ ਸੇਵੀ ਸੰਸਥਾਵਾਂ ਦੇ ਅਹੁਦੇਦਾਰ ਅਤੇ ਸ਼ਹਿਰ ਦੇ ਪਤਵੰਤੇ ਵਿਅਕਤੀ ਹਾਜ਼ਰ ਸਨ।

**''ਆਪਣਾ ਘਰ" ਵਿੱਖੇ ਮੁਫ਼ਤ ਆਰਥੋ ਮੈਡੀਕਲ ਕੈਂਪ:-**

ਸੈਣੀ ਭਵਨ ਦੇ ਸਹਿਯੋਗ ਨਾਲ ਸਵਰਗਵਾਸੀ ਚੇਅਰਮੈਨ ਐਲ. ਆਰ. ਮੁੰਦਰਾ ਨੂੰ ਸਮਰਪਿਤ ਸੀਨੀਅਰ ਸਿਟੀਜ਼ਨਜ਼/ਬਜ਼ੁਰਗਾਂ ਲਈ ਮੁਫ਼ਤ ਆਰਥੋ ਮੈਡੀਕਲ ਚੈਕਅੱਪ ਕੈਂਪ ''ਆਪਣਾ ਘਰ" ਹਵੇਲੀ ਕਲਾਂ ਵਿੱਖੇ 30 ਜੁਲਾਈ,2017 ਨੂੰ ਰੋਟਰੀ ਕਲੱਬ ਰੂਪਨਗਰ ਵਲੋਂ ਲਗਾਇਆ ਗਿਆ। ਇਸ ਕੈਂਪ ਦੌਰਾਨ ਪਰਮਾਰ ਹਸਪਤਾਲ ਤੋਂ ਡਾ. ਆਰ. ਐਸ. ਪਰਮਾਰ ਦੀ ਅਗਵਾਈ 'ਚ ਪੀਜੀਆਈ ਦੇ ਐਕਸ ਸੀਨੀਅਰ ਰੈਜੀਡੈਂਟ ਡਾ. ਪੀ. ਗੋਪੀਨਾਥ ਐਮ.ਐਸ (ਆਰਥੋ) ਨੇ ਆਰਥੋ ਰੋਗਾਂ ਤੋਂ ਪੀੜਤਾਂ 61 ਵਿਅਕਤੀਆਂ, ਜਿਨ੍ਹਾਂ ਵਿੱਚ 22 ਮਹਿਲਾਵਾਂ ਵੀ ਸ਼ਾਮਿਲ ਸਨ ਦਾ ਚੈਕਅੱਪ ਕੀਤਾ। ਕੈਂਪ ਵਿੱਚ ਵੱਖ ਵੱਖ ਰੋਗਾਂ ਦੇ ਨਾਲ ਬੀ.ਪੀ.,ਅਤੇ ਪੋਲੋ ਲੈਬ ਪਰਮਾਰ ਹਸਪਤਾਲ ਵਲੋ ਸ਼ੂਗਰ ਰੋਗ ਦੀ ਰੈਂਡਮ ਚੈਕ-ਅੱਪ ਵੀ ਕੀਤੀ ਗਈ।ਰੋਟਰੀ ਕਲੱਬ ਵਲੋਂ ਮਰੀਜ਼ਾਂ ਨੂੰ ਮੁਫਤ ਦਵਾਈ ਵੀ ਦਿੱਤੀ ਗਈ।ਡਾ. ਆਰ, ਐਸ. ਪਰਮਾਰ ਨੇ ਇਸ ਮੌਕੇ ਲੇਟ ਸ਼੍ਰੀ ਐਲ ਆਰ ਮੁੰਦਰਾ ਦੀਆਂ ਸਮਾਜ ਅਤੇ ਖਾਸ ਕਰਕੇ ਬਜ਼ੁਰਗਾਂ ਪ੍ਰਤੀ ਸੇਵਾਵਾਂ ਨੂੰ ਯਾਦ ਕਰਦਿਆਂ ਬਜ਼ੁਰਗਾਂ ਦੀ ਸਿਹਤ ਸੰਭਾਲ ਲਈ ਰੋਟਰੀ ਕਲੱਬ,ਸੈਣੀ ਭਵਨ ਅਤੇ ਆਪਣਾ ਘਰ ਦੇ ਪ੍ਰਬੰਧਕਾਂ ਦੇ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ।

ਇਸ ਮੌਕੇ ਸਰਸਵਤੀ ਦੇਵੀ ਮੁੰਦਰਾ ਚੈਰੀਟੇਬਲ ਟਰੱਸਟ (ਰਜਿ.) ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਟਰੱਸਟ ਵਲੋਂ ਰੋਟਰੀ ਕਲੱਬ ਦੇ ਅਹੁਦੇਦਾਰਾਂ ਅਤੇ ਡਾਕਟਰਾਂ ਦੀ ਟੀਮ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਬਜ਼ਰਗਾਂ ਦੇ ਖੁਸ਼ਹਾਲ ਜੀਵਨ ਦੀ ਕਾਮਨਾ ਕੀਤੀ।

❊ ❊ ❊ ❊ ❊

**ਪਹਿਲੀ ਸਿੱਖ ਮੁਟਿਆਰ ਪੁਲਾੜ ਯਾਤਰੀ**

ਕੁਰੂਕਸ਼ੇਤਰ (ਹਰਿਆਣਾ) ਦੀ ਜੰਮਪਲ ਜਸਲੀਨ ਕੌਰ ਨਾਸਾ (ਯੂ.ਐੱਸ.ਏ.) ਨੇ ਮੰਗਲ ਗ੍ਰਹਿ 'ਤੇ 2030 ਵਿੱਚ ਜਾਣ ਵਾਲੇ ਉਪਗ੍ਰਹਿ ਓਰੀਅਨ ਲਈ ਚੁਣ ਲਿਆ ਗਿਆ ਹੈ। ਉਹ ਹੁਣ ਇਸ ਮਾਰਸ਼ਲ ਸਪੇਸ ਸੈਂਟਰ ਹੰਟਸਵਿਲੇ ਅਲਬਾਮਾ (ਯੂ.ਐੱਸ.ਏ.) ਵਿੱਚ ਇਸ ਮਿਸ਼ਨ ਲਈ ਤਕਨੀਕੀ, ਵਿਗਿਆਨਕ ਤੇ ਸਰੀਰਕ ਤਿਆਰ ਕਰ ਰਹੀ ਹੈ। ਚੇਨੰਈ ਦੀ ਸਤਿਆਭਾਮਾ ਯੂਨੀਵਰਸਿਟੀ ਤੋਂ ਐਰੋਨੋਟਿਕਸ ਦੀ ਡਿਗਰੀ ਪ੍ਰਾਪਤ 25 ਸਾਲਾ ਇਹ ਪੁਲਾੜ ਵਿਗਿਆਨੀ ਨੇ ਪੁਲਾੜ ਵਿਖੇ 'ਤੇ 19 ਖੋਜਪੱਤਰ ਪ੍ਰਕਾਸ਼ਿਤ ਕੀਤੇ ਹਨ। ਉਹ ਇਸਰੋ ਦੇ ਬਾਇਓਪਲਾਸਟਿਕ ਦੇ ਪ੍ਰੋਜੈਕਟ ਲਈ ਅਤੇ ਨਾਸਾ ਦੇ ਜੈਸਕੋਵਾਨ ਪੁਟਕੇਮਰ ਐਵਾਰਡ ਪ੍ਰਾਪਤ ਕਰ ਚੁੱਕੀ ਹੈ।



ਸਵ. ਲੇਖ ਰਾਜ ਮੁੰਦਰਾ ਜੀ ਦੀ ਯਾਦ
ਨੂੰ ਸਮਰਪਿਤ



## ਸੱਜਣ ਪਰਉਪਕਾਰੀ

ਸੀਤਲ ਸਿੰਘ ਸੈਣੀ
ਲੁਧਿਆਣਾ

ਸੇਵਾ ਸਰਸੀ, ਅਣਥੱਕ ਦੁਲਾਰਾ ।
ਹਰਮਨ ਪਿਆਰਾ, ਚਮਕ ਸਿਤਾਰਾ।
ਨੇਕੀ ਚਾਲੇ, ਉਹ ਚਲਦਾ ਜਾਵੇ ।
ਸੰਗੀ ਸਾਥੀ, ਨਾਲ ਰਲਾਵੇ।
ਛੋਡ ਆਪਾ, ਸੇਵਾ ਸੇਵਕਾਰੀ ।
ਮੁੰਦਰਾ ਜੀ, ਸੱਜਣ ਪਰਉਪਕਾਰੀ ।
ਸੁਰਤ ਮਿਆਰੀ, ਸੇਵਾ ਕਰਕੇ ।
ਬੱਚੇ-ਬੁੱਢੇ ਦੀ ਬਾਂਹ ਫੜ ਕੇ ।
ਰਹੇ ਅਡੋਲ, ਰੱਬ ਤੋਂ ਡਰ ਕੇ ।
ਨਿਰਮਲ ਮਨ, ਕੀਰਤੀ ਕਰ ਕੇ ।
ਮਨ ਧਨ ਸੇਵਾ ਵਾਰ ਕੇ, ਬੰਦਾ ਕਰਮਾਕਾਰੀ।
ਮੁੰਦਰਾ ਜੀ, ਸੱਜਣ ਪਰਉਪਕਾਰੀ ।
ਮੇਲ-ਮਿਲਾਪੀ , ਸੰਸਥਾ ਬਾਨੀ ।
ਅਣਖੀ ਯੋਧਾ, ਤੇ ਕਰਮੇਂ-ਦਾਨੀ ।
ਹੱਲਾ-ਸ਼ੇਰੀ ,ਉੱਚ ਸੂਰਮਤਾਈ ।
ਲੋਕ ਸੇਵਾ, ਹੱਸ ਨਿਭਾਈ ।
ਹਰ ਪਲ ਭਲਾ ਸੀ ਲੋਚਦੇ, ਰੱਬੋਂ ਗੁਣਕਾਰੀ ।
ਮੁੰਦਰਾ ਜੀ, ਸੱਜਣ ਪਰਉਪਕਾਰੀ ।
ਸੇਵਾ ਸਭ ਦੀ ਕਰ ਗਿਆ ਯੋਧਾ ।
ਗਾਡੀ ਰਾਹ ਦੱਸ ਗਿਆ ਯੋਧਾ ।
ਸਭ ਨੂੰ ਸੇਵਾ ਲਾ ਗਿਆ ਯੋਧਾ ।
ਕੀ ਕੀ ਆਖਾਂ ਜੋ ਕਰ ਗਿਆ ਯੋਧਾ।
ਰੱਬੀ ਰਹਿਮਤ, ਕੰਮ ਬਲਿਹਾਰੀ ।
ਮੁੰਦਰ ਜੀ, ਸੱਜਣ ਪਰਉਪਕਾਰੀ ।
ਘਟ ਹੀ ਮਿਲਦੇ ਹੀਰੇ ਬੰਦੇ ।
ਸੋਭਾ ਖੱਟਦੇ, ਲੁਕ ਬਹਿੰਦੇ ।
ਵਿੱਚ ਨਿਮਰਤਾ ਚਲਦੇ ਰਹਿੰਦੇ ।
ਕਰਨ ਸੇਵਾ ਪਰ ਨਾਮ ਲੁਕੰਦੇ ।
ਸੱਚਾ ਪਾਂਧੀ, ਸੱਚ ਖਿਦਮਤਕਾਰੀ ।
ਮੁੰਦਰਾ ਜੀ, ਸੱਜਣ ਪਰਉਪਕਾਰੀ ।

❈ ❈ ❈ ❈ ❈



## ਪੰਜਾਬੀ ਪਰਦੇਸੀ

ਸੁਰਿੰਦਰ ਸੈਣੀ
ਰੂਪਨਗਰ

ਹੂਕ ਨਿਕਲਦੀ ਹੈ ਸੀਨੇ 'ਚੋਂ, ਸੁਣ ਕੇ ਪਰਦੇਸੀਆਂ ਦਾ ਹਾਲ,
ਦੋ ਬੁਰਕੀਆਂ ਰੋਟੀ ਦੇ ਲਈ, ਕਿੰਝ ਹੋ ਜਾਂਦੇ ਹਾਲੋ -ਬੇਹਾਲ ।

ਦੋ ਮੁੱਠ ਆਟੇ ਲਈ ਪ੍ਰਦੇਸਾਂ 'ਚ ਆਟੇ ਵਾਂਗ ਗੁੰਨ ਹੋ ਜਾਂਦੇ,
ਸਾਹਾਂ ਨੂੰ ਸੂਲੀ 'ਤੇ ਟੰਗ ਕੇ, ਕਿੰਝ ਹੋ ਜਾਂਦੇ ਹਾਲੋ-ਬੇਹਾਲ ।

ਮਾਂ ਬੋਲੀ ਪੰਜਾਬੀ ਦਾ ਪੁੱਤਰ, ਕੱਖਾਂ ਤੋਂ ਹੌਲਾ ਹੋ ਜਾਂਦਾ,
ਮਿੱਟੀ ਦੇ ਮੁੱਲ ਉਹ ਤੁਲ ਕੇ, ਕਿੰਝ ਹੋ ਜਾਂਦੇ ਹਾਲੋ-ਬੇਹਾਲ ।

ਗਲ ਕੰਠੇ ਹਿੱਕਾਂ ਚੌੜੀਆਂ ਵਾਲੇ ਗੋਰਿਆਂ ਅੱਗੇ ਝੁਕਦੇ,
ਮਿੱਟੀ ਆਪਣੀ ਤੋਂ ਵਿਛੜ ਕੇ,ਕਿੰਝ ਹੋ ਜਾਂਦੇ ਹਾਲੋ-ਬੇਹਾਲ ।

ਮਜ਼ਬੂਰੀਆਂ ਦੇ ਹੜ੍ਹ 'ਚ ਰੁੜ੍ਹ ਜਾਂਦੀਆਂ ਕੀਮਤੀ ਜਵਾਨੀਆਂ,
ਆਪਣੇ ਵਤਨਾਂ ਤੋਂ ਦੂਰ, ਕਿੰਝ ਹੋ ਜਾਂਦੇ ਹਾਲੋ-ਬੇਹਾਲ ।

ਮਾਵਾਂ ਤੋਂ ਵਿਛੜੇ ਭੈਣਾਂ ਤੋਂ ਵਿਛੜੇ ਆਪਣੇ ਦੇਸ਼ ਤੋਂ ਉਜੜੇ,
ਜ਼ਿੰਦਗੀ ਦੇ ਲੱਕ ਨੂੰ ਜੱਫੀ ਪਾ, ਕਿੰਝ ਹੋ ਜਾਂਦੇ ਹਾਲੋ-ਬੇਹਾਲ।

## ਇਨਸਾਨੀਅਤ

ਪਿਆਰ ਮੁਹੱਬਤ ਦੀ ਇੱਥੇ ਹੁਣ ਗੱਲ ਨਾ ਰਹੀ,
ਮਨੁੱਖਤਾ ਵੀ ਇੱਥੇ ਹੁਣ ਜਿੰਦਾ ਹੈ ਮਰ ਰਹੀ।
ਹਰ ਕੋਈ ਇੱਥੇ ਵੱਖੀ ਵੱਟ ਕੇ ਹੈ ਲੰਘ ਜਾਂਦਾ,
ਕਿਸੇ ਵਿਲਕਦੇ ਦੀ ਚੀਕ 'ਚ ਹਾਏ ਮੈਂ ਮਰ ਰਹੀ।
ਗਰਜਾਂ ਆਪਣੀ 'ਚ ਹੈ ਖਲਕਤ ਡੁੱਬ ਰਹੀ,
ਖੁਦਰਗਜ਼ੀ 'ਚ ਜ਼ਿੰਦਗੀ ਸਭ ਕੇ ਹੈ ਮਰ ਰਹੀ।

❈ ❈ ❈ ❈ ❈


### ਵਧਾਈ

ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਖੜਿਆਲਾ ਸੈਣੀਆਂ ਦੀ ਜੰਮਪਲ ਅਤੇ ਹੁਣ ਰੂਪਨਗਰ ਦੀ ਵਸਨੀਕ ਸ਼੍ਰੀਮਤੀ ਸੁਰਿੰਦਰ ਕੌਰ ਸੈਣੀ ਬਰਾਦਰੀ ਦੀ ਉੱਭਰਦੀ ਲੇਖਿਕਾ ਹੈ। ਉਹ ਅਧਿਆਪਕ ਵਜੋਂ ਸੇਵਾ-ਮੁਕਤ ਹੋਏ ਹਨ।ਇਹ ਕਵਿਤਾ ਉਨ੍ਹਾਂ ਦੇ ਚੌਥੇ ਕਾਵਿ-ਸੰਗ੍ਰਹਿ 'ਮੇਰਾ ਰੱਬ' ਵਿੱਚੋਂ ਲਈ ਗਈ ਹੈ ਜੋ ਕਿ 9 ਮਈ 2017 ਨੂੰ ਰੂਪਨਗਰ ਵਿਖੇ ਰਿਲੀਜ਼ ਕੀਤੀ ਗਈ ਹੈ।ਸ਼੍ਰੀਮਤੀ ਸੁਰਿੰਦਰ ਕੌਰ ਨੂੰ ਹਾਰਦਿਕ ਵਧਾਈ ।

ਕਹਾਣੀ

## ਚਾਨਣ ਵੱਲ ਸਫਰ

ਚਰਨਜੀਤ ਸਿੰਘ ਕਤਰਾ



ਬਲਦੇਵ ਸਿੰਘ ਦੀ ਪੱਕੀ ਹੋਈ ਫਸਲ ਜਿਸ ਦਿਨ ਤੋਂ ਸੜ ਕੇ ਸੁਆਹ ਹੋਈ ਉਸ ਦਿਨ ਤੋਂ ਉਹ ਗੁੰਮ-ਸੁੰਮ ਰਹਿਣ ਲਗ ਪਿਆ। ਪਾਗਲਾਂ ਵਾਂਗੂੰ ਰਹਿਣ ਲਗ ਪਿਆ, ਕਦੇ ਘਰ ਦੇ ਅੰਦਰ ਵੜ ਕੇ ਪਿਆ ਰਹਿੰਦਾ ਕਦੇ ਖੇਤਾਂ ਵਿੱਚ ਖੜ੍ਹਾ ਸੜੀ ਫਸਲ ਦੇ ਨਿਸ਼ਾਨ ਦੇਖੀ ਜਾਂਦਾ। ਅਸਲ ਵਿੱਚ ਸਦਮਾ ਸੱਚਾ ਹੈ, ਕਰਜ਼ੇ ਦਾ ਬੋਝ ਹੈ, ਧੀ ਘਰ ਵਿਆਹੁਣ ਨੂੰ ਬੈਠੀ ਹੈ, ਪੁੱਤਰ ਪੜ੍ਹ ਲਿਖ ਕੇ ਬੇਰੁਜ਼ਗਾਰ ਤੁਰਿਆ ਫਿਰਦਾ, ਬਾਹਰ ਜਾਣ ਦੀ ਰਟ ਲਾਈ ਜਾਂਦਾ। ਇਸ ਹਾਲਾਤ ਵਿੱਚ ਪ੍ਰੇਸ਼ਾਨੀ ਤਾਂ ਹੋਣੀ ਹੀ ਹੋਈ।ਇਸ ਵਾਰ ਭਰਵੀਂ ਫਸਲ ਤੋਂ ਆਸ ਸੀ ਪਰ ਇਸ ਬਰਬਾਦੀ ਨੇ ਸਭ ਕੁੱਝ ਰੋਲ ਦਿੱਤਾ। ਪੂਰਾ ਪਰਿਵਾਰ ਬਲਦੇਵ ਦੀ ਅਜਿਹੀ ਹਾਲਤ ਤੋਂ ਪ੍ਰੇਸ਼ਾਨ ਹੋ ਗਿਆ, ਉਹ ਤਾਂ ਉਸ ਦੇ ਨਾਲ ਸਦਾ ਰਹਿੰਦੇ , ਕਿਤੇ ਦੁਖੀ ਹੋਇਆ ਕੋਈ ਗਲਤ ਫੈਸਲਾ ਨਾ ਲੈ ਲਵੇ।

ਇੱਕ ਦਿਨ ਸ਼ਾਮੀਂ ਬਲਦੇਵ ਸਿੰਘ ਘਰ ਦੇ ਅੰਦਰ ਇਕੱਲਾ ਹੀ ਸੋਚਾਂ ਦੇ ਗਹਿਰੇ ਸਮੁੰਦਰ 'ਚ ਡੁੱਬਿਆ ਹੋਇਆ ਸੀ ਕਿ ਦੋਵੇਂ ਭੈਣ ਭਰ ਅੰਦਰ ਆ ਕੇ ਪਿਤਾ ਕੋਲ ਬੈਠ ਗਏ।" ਪਾਪਾ ਇਕੱਲੇ ਬੈਠੇ ਕੀ ਸੋਚੀ ਜਾਂਦੇ ਹੋ, ਸਾਡੇ ਨਾਲ ਵੀ ਗੱਲ ਕਰੋ ਕੋਈ " ,ਧੀ ਪਿਤਾ ਨੂੰ ਜੱਫੀ 'ਚ ਲੈ ਕੇ ਕਹਿਣ ਲੱਗੀ।" ਪਾਪਾ ਤੁਸੀਂ ਆਪ ਕਹਿੰਦੇ ਹੁੰਦੇ ਹੋ ਕਿ ਇਹ ਦੁੱਖ-ਸੁੱਖ, ਘਾਟੇ-ਵਾਧੇ ਜ਼ਿੰਦਗੀ ਦਾ ਹਿੱਸਾ ਹਨ, ਹੁਣ ਆਪ ਪ੍ਰੇਸ਼ਾਨ ਹੋਈ ਜਾਂਦੇ ਹੋ। ਪਾਪਾ ਤੁਸੀਂ ਇਸ ਵਕਤ ਆਪਣੇ ਆਪ ਨੂੰ ਇਕੱਲਾ ਨਾ ਸਮਝੋ, ਅਸੀਂ ਸਾਰੇ ਤੁਹਾਡੇ ਨਾਲ ਹਾਂ "। "ਡੈਡੀ ਦੀਦੀ ਠੀਕ ਕਹਿੰਦੀ , ਬਸ ਤੁਸੀਂ ਫਿਕਰ ਨਾ ਕਰੋ। ਮੈਂ ਵੀ ਫੈਸਲਾ ਕਰ ਲਿਆ ਕਿ ਮੈਂ ਇੱਥੇ ਰਹਿ ਕੇ ਹੀ ਤੁਹਾਡੇ ਨਾਲ ਮਿਹਨਤ ਕਰੂੰਗਾ। ਰਲ ਮਿਲ ਕੇ ਆਪਾਂ ਹੋਰ ਵੀ ਕੰਮ ਸ਼ੁਰੂ ਕਰ ਸਕਦੇ ਹਾਂ, ਨਹੀਂ ਨੌਕਰੀ ਮਿਲਦੀ ਤਾਂ ਨਾ ਮਿਲੇ"।

"ਮੇਰੇ ਬੱਚਿਓ!", ਬਲਦੇਵ ਨੇ ਦੋਹਾਂ ਨੂੰ ਘੁੱਟ ਕੇ ਬੁੱਕ੍ਹ ਮਾਰੀ, "ਅੱਜ ਅਸੀਂ ਬਰਬਾਦ ਹੋ ਗਏ, ਦੱਸੋ ਮੈਂ ਆਪਣੀਆਂ ਜ਼ਿੰਮੇਵਾਰੀਆਂ ਕਿਵੇਂ ਪੂਰੀਆਂ ਕਰੂੰ, ਕਬੀਲਦਾਰੀ ਕਿਵੇਂ ਨਿਭਾਊਂ, ਤੇਰੇ ਪੀਲੇ ਹੱਥ ਕਿਵੇਂ ਕਰੂੰ, ਬੱਚਿਓ! ਮੈਂ ਬੇਬਸ ਹੋ ਗਿਆਂ"। "ਨਹੀਂ ਪਾਪਾ ਸਭ ਕੁਝ ਹੋਈ ਜਾਣਾ, ਬੱਸ ਤੁਸੀਂ ਹੌਸਲਾ ਨਾ ਛੱਡੋ। ਨਾਲੇ ਪਾਪਾ ਤੁਹਾਡਾ ਇੱਕ ਪੁੱਤ ਨੀ, ਦੋ ਹਨ, ਮੇਰੀ ਵੀ ਤੁਹਾਡੇ ਪ੍ਰਤੀ ਜ਼ਿੰਮੇਵਾਰੀ ਬਣਦੀ ਹੈ। ਹੋਰ ਪਾਪਾ ਰਹੀ ਵਿਆਹ ਦੀ ਗੱਲ, ਮੈਂ ਤਾਂ ਅਜੇ ਕਰਾਉਣਾ ਹੀ ਨਹੀਂ ਤੇ ਮੈਂ ਇਹ ਵੀ ਫੈਸਲਾ ਕੀਤਾ ਕਿ ਬਿਨਾ ਦਹੇਜ ਬਿਨਾ ਬਰਾਤ ਸਾਦਾ ਵਿਆਹ ਕਰਾਊਂ ਜੇ ਕਰਾਇਆ ਤਾਂ, ਨਹੀਂ ਤਾਂ ਪਾਪਾ ਅੱਜ ਕੱਲ੍ਹ ਬਿਨਾ ਵਿਆਹ ਵੀ ਕੁੜੀਆਂ ਰਹਿ ਰਹੀਆਂ ਹਨ"।"ਨਹੀਂ ਪੁੱਤ, ਇਹ ਨੀ ਹੋ ਸਕਦਾ।ਸਾਨੂੰ ਸਮਾਜ ਕੀ ਕਹੂ।ਮੈਂ ਤਾਂ......"।"ਪਾਪਾ ਜੀ ਸਮਾਜ ਸਿਰਫ ਕਹਿੰਦਾ ਹੀ ਹੈ, ਕਿਸੇ ਲਈ ਕੁੱਝ ਕਰਦਾ ਨੀ, ਕਰਨਾ ਤਾਂ ਆਪ ਹੀ ਪੈਂਦਾ ਸਭ ਕੁੱਝ।ਪਹਿਲ ਤਾਂ ਕਰਨੀ ਹੀ ਪੈਂਦੀ ਹੈ, ਕਿਸੇ ਨਾ ਕਿਸੇ ਨੂੰ। ਮੈਂ ਕਿਸੇ ਖਾਤਰ ਤੁਹਾਡੇ ਸਿਰ 'ਤੇ ਕਰਜ਼ੇ ਦੀ ਪੰਡ ਦਾ ਬੋਝ ਪਾ ਕੇ ਕਿਉਂ ਜਾਵਾਂ"?

"ਦੀਦੀ ਇਹ ਬਾਅਦ ਦੀਆਂ ਗੱਲਾਂ, ਡੈਡੀ ਉੱਠੋ! ਬਾਹਰ ਚੱਲਦੇ ਹਾਂ ਚਾਨਣ 'ਚ ਇੱਥੇ ਤਾਂ ਨ੍ਹੇਰਾ ਹੈ, ਨਾਲੇ ਡੈਡੀ ਸਵੇਰੇ ਜਲਦੀ ਉੱਠ ਕੇ ਆਪਾਂ ਚੱਲਾਂਗੇ ਖੇਤ 'ਚ ਰੌਣੀ ਕਰਨ। ਫਿਰ ਤੋਂ ਸ਼ੁਰੂ ਕਰੀਏ ਹਿੰਮਤ ਨਾਲ ਸਫਰ"।ਤੇ ਜਦੋਂ ਉਹ ਬਾਹਰ ਵੱਲ ਤੁਰੇ ਇੰਝ ਲੱਗਾ ਜਿਵੇਂ ਚਾਨਣ ਵੱਲ ਸਫਰ ਸ਼ੁਰੂ ਹੋ ਗਿਆ ਹੋਵੇ।

ਦਿਲ ਦਾ ਦਰਦ

## ਸ਼ਬਦਾਂ ਦੀ ਜ਼ੁਬਾਨੀ

ਹਮੇਸ਼ਾ ਦੀ ਤਰ੍ਹਾਂ, 'ਸੈਣੀ ਸੰਸਾਰ' ਵਕਤ 'ਤੇ ਪਹੁੰਚ ਗਿਆ ਸੀ ਤੇ ਦੁੱਖ ਭਰੀ ਖਬਰ ਨਾਲ ਹੀ ਲੈ ਆਇਆ ਸੈਣੀ ਸੰਸਾਰ। ਮੁੰਦਰਾ ਜੀ ਅਕਾਲ ਚਲਾਣਾ ਪੜ੍ਹ ਕੇ ਦੁੱਖ ਹੋਇਆ। ਮੈਨੂੰ ਤਾਂ ਉਨ੍ਹਾਂ ਨੂੰ ਮਿਲਣ ਦਾ ਕਦੇ ਮੌਕਾ ਨੀ ਮਿਲਿਆ।ਮੈਂ ਤਾਂ ਬੱਸ ਉਨ੍ਹਾਂ ਬਾਰੇ ਬਹੁਤ ਕੁੱਝ ਪੜ੍ਹਿਆ ਸੁਣਿਆ ਹੀ ਸੀ। ਬਿਨਾ ਸਵਾਰਥ ਲੋਕ ਸੇਵਾ ਕਰਨ ਦਾ ਜਜ਼ਬਾ ਕਿਸੇ ਵਿਰਲੇ ਕੋਲ ਹੀ ਹੁੰਦਾ ਹੈ। ਤੁਸੀਂ ਤਾਂ (ਸਾਰੀ ਟੀਮ) ਉਨ੍ਹਾਂ ਨਾਲ ਬਹੁਤ ਦੇਰ ਤੋਂ ਜੁੜੇ ਹੋਏ ਸੀ, ਤੁਹਾਨੂੰ ਤਾਂ ਉਨ੍ਹਾਂ ਦੀ ਘਾਟ ਬਹੁਤ ਦੇਰ ਤੱਕ ਮਹਿਸੂਸ ਹੁੰਦੀ ਰਹੇਗੀ, ਸੈਣੀ ਭਵਨ ਵੀ ਸੁੰਨਾਂ ਸੁੰਨਾਂ ਲਗਦਾ ਰਹੇਗਾ। ਬਿਨਾਂ ਆਗੂ ਦੇ ਟੀਮ ਇੱਕ ਵਾਰ ਤਾਂ ਹਿੱਲ ਜਾਂਦੀ ਹੈ।

ਮੁੰਦਰਾ ਜੀ ਬਾਰੇ ਵਿਸ਼ੇਸ਼ ਅੰਕ ਕੱਢ ਕੇ ਤੁਸੀਂ ਬਹੁਤ ਵਧੀਆ ਉਪਰਾਲਾ ਕੀਤਾ। ਸਾਡੇ ਵਰਗਿਆਂ ਨੂੰ ਉਨ੍ਹਾਂ ਦੇ ਜੀਵਨ ਬਾਰੇ ਹੋਰ ਬਹੁਤ ਜਾਣਕਾਰੀ ਮਿਲ ਗਈ। ਪਿਆਰੇ ਲੇਖਕਾਂ ਨੇ ਉਨ੍ਹਾਂ ਨੂੰ ਜੋ ਸ਼ਰਧਾ ਦੇ ਫੁੱਲ ਭੇਂਟ ਕੀਤੇ ਹਨ ਉਹ ਕਾਬਲੇ-ਤਾਰੀਫ ਹਨ। ਇੱਕ ਸਾਂਭਣਯੋਗ ਅੰਕ ਬਣ ਗਿਆ ਹੈ। ਦਿਆਲੂ, ਕ੍ਰਿਪਾਲੂ, ਦੀਨ ਦੁਖੀਆਂ ਦੇ ਮਸੀਹਾ, ਬੇਆਸਰਿਆਂ ਦਾ ਆਸਰਾ, ਦੇਵਤਾ ਸਰੂਪ ਅਜਿਹੇ ਇਨਸਾਨ ਕਦੇ ਕਦੇ ਹੀ ਦੁਨੀਆਂ ਵਿੱਚ ਆਉਂਦੇ ਹਨ। ਉਨ੍ਹਾਂ ਦੀ ਘਾਟ ਹਮੇਸ਼ਾਂ ਰੜਕਦੀ ਰਹੇਗੀ। ਸਾਡੇ ਵਰਗਿਆਂ ਦੀ ਰੱਬ ਕੋਲ ਕੀਤੀ ਫ਼ਰਿਆਦ ਕਿ ਮੁੰਦਰਾ ਜੀ ਨੂੰ ਸਵਰਗਾਂ 'ਚ ਨਿਵਾਸ ਬਖਸ਼ਿਓ, ਬੇਲੋੜੀ ਹੁੰਦੀ ਹੈ ਕਿਉਂਕਿ ਉਹ ਤਾਂ ਉੱਥੇ ਪਹਿਲਾਂ ਹੀ ਥਾਂ ਪੱਕੀ ਕਰੀ ਬੈਠੇ ਹੁੰਦੇ ਹਨ। ਅਸੀਂ ਤੁਹਾਡੀ ਤੇ ਸਾਥੀਆਂ ਦੀ ਲੰਬੀ ਉਮਰ ਦੀ ਅਰਦਾਸ ਜ਼ਰੂਰ ਕਰਦੇ ਹਾਂ।

-ਸਹੌੜਾਂ-9876931529

ਸੈਣੀ ਸਖ਼ਸ਼ੀਅਤ

# ਸ. ਜੋਗਿੰਦਰ ਸਿੰਘ ਕੰਵਲ

*ਗੁਰਦੀਪ ਸਿੰਘ ਝਿੱਕਾ



ਸਮਾਜ ਵਿੱਚ ਕੁੱਝ ਵਿਅਕਤੀ ਆਪਣੇ ਬਜ਼ੁਰਗਾਂ ਦੀ ਜਾਇਦਾਦ ਅਤੇ ਧਨ ਦੌਲਤ ਦੇ ਸਹਾਰੇ ਸ਼ੋਹਰਤ ਖੱਟਦੇ ਹਨ ਅਤੇ ਕੁੱਝ ਆਪਣੀ ਮਿਹਨਤ ਅਤੇ ਸਿਆਣਪ ਨਾਲ ਮਾਣਮੱਤਾ ਸਥਾਨ ਹਾਸਲ ਕਰਦੇ ਹਨ। ਸੈਣੀ ਬਰਾਦਰੀ ਨੂੰ ਮਾਣ ਹੈ ਕਿ ਇਸ ਦੇ ਲੋਕਾਂ ਨੇ ਇਮਾਨਦਾਰੀ ਅਤੇ ਮੁਸ਼ੱਕਤ ਨਾਲ ਬੁਲੰਦੀਆਂ ਨੂੰ ਛੂਹਿਆ ਹੈ। ਅਜਿਹੇ ਹੀ ਇੱਕ ਬੁੱਧੀਜੀਵੀ ਅਤੇ ਸਫਲ ਇਨਸਾਨ ਹਨ ਸ. ਜੋਗਿੰਦਰ ਸਿੰਘ ਜਿਨ੍ਹਾਂ ਨੇ ਪੰਜਾਬ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਕਸਬਾ ਬੰਗਾ ਤੋਂ ਤਿੰਨ ਕੁ ਕਿਲੋਮੀਟਰ ਦੂਰ ਪਿੰਡ ਝਿੱਕਾ(ਲਧਾਣਾ) ਵਿਖੇ ਇੱਕ ਸਾਧਾਰਨ ਕਿਸਾਨੀ ਪਰਿਵਾਰ ਵਿੱਚ ਜਨਮ ਲੈ ਕੇ ਅੰਤਰਰਾਸ਼ਟਰੀ ਪੱਧਰ ਤੱਕ ਨਾਮਣਾ ਖੱਟਿਆ ਹੈ। ਅਦਭੁੱਤ ਹਿੰਮਤ ਵਾਲੇ ਇਸ ਕਰਮਯੋਗੀ ਦਾ ਜਨਮ ਪਹਿਲੀ ਦਸੰਬਰ 1927 ਨੂੰ ਸ. ਚੰਨਣ ਸਿੰਘ ਅਤੇ ਮਾਤਾ ਬੰਤ ਕੌਰ ਦੇ ਬਣਵੈਤ ਪਰਿਵਾਰ ਵਿੱਚ ਹੋਇਆ।

'ਮੁਕੱਦਮ' ਵਜੋਂ ਜਾਣੇ ਜਾਂਦੇ ਇਸ ਪਰਿਵਾਰ ਦਾ ਪਿਛੋਕੜ ਅਠਾਰਵੀਂ ਸਦੀ ਦੇ ਸਿਰਲੱਥ ਯੋਧਿਆਂ ਨਾਲ ਜੁੜਦਾ ਹੈ। ਜਦੋਂ ਮਹਾਨ ਸਿੱਖ ਜਰਨੈਲ ਸ. ਬਘੇਲ ਸਿੰਘ ਨੇ ਸੰਨ 1787 ਵਿੱਚ ਦਿੱਲੀ ਦੇ ਲਾਲ ਕਿਲੇ 'ਤੇ ਖਾਲਸਾ ਝੰਡਾ ਲਹਿਰਾਇਆ ਸੀ ਤਾਂ ਇਨ੍ਹਾਂ ਦਾ ਬਜ਼ੁਰਗ ਸ. ਚੜ੍ਹਤ ਸਿੰਘ ਪ੍ਰਮੁੱਖ ਜਥੇਦਾਰ ਵਜੋਂ ਉਨ੍ਹਾਂ ਦੇ ਨਾਲ ਸੀ। ਇਸ ਬਹਾਦਰੀ ਦੇ ਇਵਜ਼ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਬਾਅਦ ਵਿੱਚ ਸ. ਚੜ੍ਹਤ ਸਿੰਘ ਨੂੰ ਬੰਗਾ ਦੇ ਆਸਪਾਸ ਬਾਰਾਂ ਪਿੰਡਾਂ ਦਾ ਮੁਕੱਦਮ ਨਿਯੁਕਤ ਕੀਤਾ ਸੀ। ਸ. ਚੜ੍ਹਤ ਸਿੰਘ ਦੇ ਛੇ ਪੁੱਤਰ ਸਨ ਜਿਨ੍ਹਾਂ ਵਿੱਚੋਂ ਇੱਕ ਸ. ਨਗੀਨਾ ਸਿੰਘ ਸੀ ਜਿਸ ਦੇ ਤਿੰਨ ਪੁੱਤਰਾਂ ਵਿੱਚੋਂ ਇੱਕ ਸ. ਅਤਰ ਸਿੰਘ ਸੀ। ਉਸ ਦੇ ਅੱਗੇ ਦੋ ਪੁੱਤਰ ਹੋਏ- ਸ. ਚੰਨਣ ਸਿੰਘ ਅਤੇ ਸ. ਮੀਹਾਂ ਸਿੰਘ।ਸ. ਚੰਨਣ ਸਿੰਘ ਚੜ੍ਹਦੀ ਉਮਰੇ ਹੀ ਬਿਹਤਰ ਰੁਜ਼ਗਾਰ ਦੀ ਭਾਲ ਵਿੱਚ ਫਿਜ਼ੀ ਦੇਸ਼ ਵਿੱਚ ਚਲੇ ਗਏ ਜਿੱਥੇ ਬਾਰਾਂ ਸਾਲ ਤੱਕ ਦੇਸ਼ ਦੀ ਰਾਜਧਾਨੀ ਸੁਵਾ ਦੇ ਪ੍ਰਮੁੱਖ ਗੁਰਦੁਆਰੇ ਵਿੱਚ ਗ੍ਰੰਥੀ ਵਜੋਂ ਸੇਵਾ ਨਿਭਾਈ। ਉਨ੍ਹਾਂ ਦੇ ਦੋ ਪੁੱਤਰ ਸਨ, ਵੱਡਾ ਸ. ਜਸਵੰਤ ਸਿੰਘ ਅਤੇ ਛੋਟਾ ਸ. ਜੋਗਿੰਦਰ ਸਿੰਘ। ਵੱਡੇ ਨੇ ਪਰਿਵਾਰ ਦੇ ਗੁਜ਼ਾਰੇ ਲਈ ਖੇਤੀਬਾੜੀ ਕਰਨੀ ਸ਼ੁਰੂ ਕਰ ਦਿੱਤੀ ਜਿਸ ਨਾਲ ਸ. ਜੋਗਿੰਦਰ ਸਿੰਘ ਨੂੰ ਪੜ੍ਹਨ ਦਾ ਮੌਕਾ ਮਿਲ ਗਿਆ। ਉਸ ਨੇ ਦਸਵੀਂ ਤੱਕ ਦੀ ਸਿੱਖਿਆ ਆਪਣੇ ਪਿੰਡ ਦੇ ਸਰਕਾਰੀ ਸਕੂਲ ਅਤੇ ਬੰਗਾ ਤੋਂ ਹਾਸਲ ਕੀਤੀ ਜਦੋਂ ਕਿ ਬੀ.ਏ. ਕਰਨ ਲਈ ਡੀ.ਏ.ਵੀ. ਕਾਲਜ ਜਲੰਧਰ ਜਾਣਾ ਪਿਆ। ਸ. ਜੋਗਿੰਦਰ ਸਿੰਘ ਨੇ ਪਰਿਵਾਰ ਦੀ ਹੱਲਾਸ਼ੇਰੀ ਅਤੇ ਆਪਣੀ ਮਿਹਨਤੀ ਰੁਚੀ ਸਦਕਾ 1952 ਵਿੱਚ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਐੱਮ.ਏ.( ਅੰਗਰੇਜ਼ੀ) ਅਤੇ 1955 ਵਿੱਚ ਚੰਡੀਗੜ੍ਹ ਤੋਂ ਟੀਚਰ ਟ੍ਰੇਨਿਗ ਦੀ ਡਿਗਰੀ ਹਾਸਲ ਕਰ ਲਈ।ਘਰੇਲੂ ਹਾਲਾਤਾਂ ਦੇ ਮੱਦੇਨਜ਼ਰ ਆਪ ਨੇ ਤਿੰਨ ਸਾਲ ਤੱਕ ਨਜ਼ਦੀਕੀ ਰਾਜਪੂਤ ਹਾਈ ਸਕੂਲ ਬਿੰਜੋਂ (ਜ਼ਿਲ੍ਹਾ ਹੁਸ਼ਿਆਰਪੁਰ) ਵਿੱਚ ਅਧਿਆਪਕ ਦੀ ਨੌਕਰੀ ਕੀਤੀ ਅਤੇ ਇਸ ਦੌਰਾਨ ਹੀ ਆਪ ਦਾ ਵਿਆਹ ਸ਼੍ਰੀਮਤੀ ਅਮਰਜੀਤ ਕੌਰ ਨਾਲ ਹੋ ਗਿਆ।ਆਪ ਦੇ ਦੋ ਬੇਟੇ ਅਤੇ ਇੱਕ ਬੇਟੀ ਹੈ। ਵੱਡਾ ਬੇਟਾ ਸ. ਹਰਪ੍ਰੀਤ ਸਿੰਘ ਮਕੈਨੀਕਲ ਇੰਜਨੀਅਰ ਹੈ ਜੋ ਨਿਊਜ਼ੀਲੈਂਡ ਵਿੱਚ ਸਰਕਾਰੀ ਬੱਸਾਂ ਦਾ ਮੇਂਟੀਨੈਂਸ ਕੰਟਰੈਕਟਰ ਹੈ, ਛੋਟਾ ਬੇਟਾ ਸ. ਸੱਤਪ੍ਰੀਤ ਸਿੰਘ ਫਿਜ਼ੀਅਨ ਏਅਰਲਾਈਨਜ਼ ਵਿੱਚ ਪਾਇਲਟ ਹੈ ਅਤੇ ਬੇਟੀ ਦਲਜੀਤ ਕੌਰ ਯੂ.ਐਸ.ਏ. ਵਿੱਚ ਅਧਿਆਪਕਾ ਹੈ।



ਆਪਣੇ ਦੇਸ਼ ਵਿੱਚ ਯੋਗਤਾ ਅਤੇ ਮਿਹਨਤ ਦੀ ਪੂਰੀ ਕਦਰ ਨਾ ਪੈਂਦਿਆਂ ਵੇਖ ਕੇ ਨੌਜਵਾਨ ਜੋਗਿੰਦਰ ਸਿੰਘ ਨੇ ਵਿਦੇਸ਼ ਵੱਲ ਮੁੱਖ ਕਰ ਲਿਆ ਅਤੇ ਸੰਨ 1958 ਵਿੱਚ ਫਿਜ਼ੀ ਦੇਸ਼ ਵਿੱਚ ਪਰਿਵਾਰ ਸਮੇਤ ਜਾ ਕੇ ਅਧਿਆਪਕ ਦੀ ਨੌਕਰੀ ਹਾਸਲ ਕਰ ਲਈ।ਉਹ ਉੱਥੇ ਪਹਿਲਾਂ ਡੀ.ਏ.ਵੀ. ਕਾਲਜ ਵਿੱਚ ਅੰਗਰੇਜ਼ੀ ਦੇ ਲੈਕਚਰਾਰ ਅਤੇ ਫਿਰ 1960 ਤੋਂ 1987 ਤੱਕ ਖਾਲਸਾ ਕਾਲਜ ਬਾਅ ਦੇ ਪ੍ਰਿੰਸੀਪਲ ਰਹੇ। ਇੱਥੋਂ ਸੇਵਾਮੁਕਤੀ ਉਪਰੰਤ ਆਪ 1991 ਤੱਕ ਫਿਜ਼ੀ ਇੰਸਟੀਚਿਊਟ ਆਫ ਟੈਕਨਾਲੋਜੀ ਵਿੱਚ ਬਿਜ਼ਨਸ ਕਮਿਊਨਿਕੇਸ਼ਨ ਸਕਿੱਲ ( ਅੰਗਰੇਜ਼ੀ) ਦੇ ਲੈਕਚਰਾਰ ਦੇ ਤੌਰ 'ਤੇ ਸੇਵਾ ਨਿਭਾਉਂਦੇ ਰਹੇ। ਆਪ 1993 ਤੋਂ 2003 ਤੱਕ 'ਫਿਜ਼ੀ ਇੰਡੀਅਨ ਕਲਚਰਲ ਸੈਂਟਰ' ਦੇ ਪ੍ਰਬੰਧਕ ਰਹੇ। ਉਨ੍ਹਾਂ ਨੇ 'ਮਲਟੀਐਥਨਿਕ ਕਲਚਰਲ ਕੌਂਸਲ ਬਾਅ' ਦੇ ਚੇਅਰਮੈਨ ਅਤੇ 'ਜਸਟਿਸ ਆਫ ਪੀਸ' ਜਿਹੇ ਮਾਣਮੱਤੇ ਅਹੁਦਿਆਂ ਨੂੰ ਵੀ ਬੜੀ ਇਮਾਨਦਾਰੀ ਨਾਲ ਸੰਭਾਲਿਆ।

ਸ. ਜੋਗਿੰਦਰ ਸਿੰਘ ਕੰਵਲ ਨੇ ਦੇਸ਼ ਅਤੇ ਕੌਮ ਦੀ ਸੇਵਾ ਬਦਲੇ ਦਰਜਣਾਂ ਸਨਮਾਨ ਪ੍ਰਾਪਤ ਕੀਤੇ ਜਿਨ੍ਹਾਂ ਵਿੱਚੋਂ ਪ੍ਰਮੁੱਖ ਹਨ-

National Honour Award- Member of Order Of Fizi conferred by the President of Republic of Fizi-1995 for contribution in the field of Education and Literature., University Of The South Pacific Honour for promoting

Language and Literature. This degree was conferred by the Prime Minister of Cook Island. Outstanding Citizen Award from Ba Town Council. Prawasi Bharitya Prishad Award from Council For Overseas Indians Amroha(U.P.). Uttar Pradesh Hindi Sansthan , Lucknow. Bhartiya Saskriti Sanvadhan Parishad , Delhi. Fizi Hindi Sahitya Samiti Award, SUVA(Fizi). Government Of India Award during Vishav Hindi Sammelan. World Hindi Honour, Newyork(U.S.A.).

ਸ.ਜੋਗਿੰਦਰ ਸਿੰਘ ਕੰਵਲ ਨੇ ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਵਿੱਚ ਹੇਠ ਲਿਖੀਆਂ ਪੁਸਤਕਾਂ ਅਤੇ ਲੇਖ ਲਿਖੇ ਹਨ-

ਨਾਵਲ - ਸਵੇਰਾ, ਧਰਤੀ ਮੇਰੀ ਮਾਤਾ, ਸੱਤ ਸਮੁੰਦਰ ਪਾਰ, ਕਰਵਟ, ਦ ਮੌਰਨਿੰਗ, ਦ ਨਿਊ ਮਾਈਗਰੈਂਟ, ਏ ਲਵ ਸਟੋਰੀ। ਹੋਰ ਰਚਨਾਵਾਂ- ਮੇਰਾ ਦੇਸ਼, ਮੇਰੇ ਲੋਗ, ਏ ਹੰਡਰਡ ਯੀਅਰਜ਼ ਆਫ ਹਿੰਦੀ ਇੰਨ ਫਿਜ਼ੀ, ਵੋਕਿੰਗ.

ਕਵਿਤਾਵਾਂ- ਯਾਦੋਂ ਕੀ ਖੁਸ਼ਬੂ, ਕੁੱਛ ਪੱਤੇ ਕੁੱਛ ਪੰਖੜੀਆਂ, ਦਰਦ ਆਪਣੇ ਆਪਣੇ, ਐਨ ਐਨਥਾਲੋਜੀ ਆਫ ਹਿੰਦੀ ਪੋਇਟਸ ਇੰਨ ਫਿਜ਼ੀ, ਮੈਨੀ ਰੇਨਬੋਜ਼ ਆਫ ਲਵ.

ਛੋਟੀਆਂ ਕਹਾਣੀਆਂ- ਹੰਮ ਲੋਗ, ਐਨ ਐਨਥੋਲੋਜੀ ਆਫ ਹਿੰਦੀ ਸ਼ਾਰਟ ਸਟੋਰੀਜ਼ ਫਰਾਮ ਫਿਜ਼ੀ। ਅਖਬਾਰਾਂ ਅਤੇ ਮੈਗਜ਼ੀਨਾਂ ਵਿੱਚ ਅਨੇਕਾਂ ਆਰਟੀਕਲ। ਇਸ ਤੋਂ ਇਲਾਵਾ ਉਹ ਕਈ ਸੰਸਥਾਵਾਂ ਦੇ ਅਹੁਦੇਦਾਰ ਰਹੇ ਹਨ-

*ਪ੍ਰੈਜ਼ੀਡੈਂਟ ਆਫ ਫਿਜ਼ੀ ਪ੍ਰਿੰਸੀਪਲਜ਼ ਐਸੋਸੀਏਸ਼ਨ, ਸੈਕਰੇਟ੍ਰੀ ਫਿਜ਼ੀ ਪ੍ਰਿਸੀਪਲਜ਼ ਐਸੋਸੀਏਸ਼ਨ, ਮੈਂਬਰ ਫਿਜ਼ੀ ਟੀਚਰ ਯੂਨੀਅਨ, ਮੈਂਬਰ ਕੌਮਨਵੈਲਥ ਕੌਂਸਲ ਫਾਰ ਐਜੂਕੇਸ਼ਨਲ ਐਡਮਨਿਸਟਰੇਸ਼ਨ, ਟਰੱਸਟੀ ਆਫ ਸਿੱਖ ਐਜੂਕੇਸ਼ਨਲ ਸੁਸਾਇਟੀ ਆਫ ਫਿਜ਼ੀ। ਉਹ ਕਈ ਸਾਹਿਤਿਕ ਸੰਸਥਾਵਾਂ ਨਾਲ ਵੀ ਜੁੜੇ ਹੋਏ ਸਨ ਜਿਵੇਂ ਕਿ ਐਸੋਸੀਏਸ਼ਨ ਫਾਰ ਕਾਮਨਵੈਲਥ ਲਿਟਰੇਚਰ ਐਂਡ ਲੈਂਗੁਏਜ਼ ਸਟੱਡੀਜ਼, ਫਿਜ਼ੀ ਰਾਈਟਰਜ਼ ਐਸੋਸੀਏਸ਼ਨ, ਪੈਸਿਫਿਕ ਰਾਈਟਰਜ਼ ਫੋਰਮ, ਨਿਊਜ਼ੀਲੈਂਡ ਪੋਇਟਰੀ ਸੁਸਾਇਟੀ, ਫਿਜ਼ੀ ਹਿੰਦੀ ਸਾਹਿਤਯ ਸਮਿਤੀ, ਹਿੰਦੀ ਮਹਾਂ ਪਰਿਸ਼ਦ।

ਆਪ ਜੀ ਦੀ ਧਰਮ ਪਤਨੀ ਵੀ ਫਿਜ਼ੀ ਵਿੱਚ ਹਿੰਦੀ ਦੀ ਪ੍ਰਸਿੱਧ ਲੇਖਿਕਾ ਹੈ।ਉਨ੍ਹਾਂ ਨੇ ਕਈ ਪੁਸਤਕਾਂ ਲਿਖੀਆਂ ਹਨ।ਸ. ਜੋਗਿੰਦਰ ਸਿੰਘ ਕੰਵਲ ਜੀ ਬਹੁਤ ਹੀ ਸੰਘਰਸ਼ਮਈ ਅਤੇ ਰੁਝੇਵਿਆਂ ਭਰੀ ਲੰਬੀ ਉਮਰ ਭੋਗ ਕੇ 17 ਜੁਲਾਈ 2017 ਨੂੰ ਫਿਜ਼ੀ ਵਿੱਚ ਹੀ ਅਕਾਲਚਲਾਣਾ ਕਰ ਗਏ ਹਨ।ਆਪ ਦੇ ਵੱਡੇ ਭਰਾ ਦਾ ਪਰਿਵਾਰ ਪਿੰਡ ਝਿੱਕਾ ਵਿਖੇ ਹੀ ਰਹਿੰਦਾ ਹੈ।

*ਲੇਖਕ , ਸ. ਜੋਗਿੰਦਰ ਸਿੰਘ ਦਾ ਭਤੀਜਾ ਹੈ

## 20ਵੀਂ ਸਦੀ ਦਾ ਸਭ ਤੋਂ ਵੱਡਾ ਦੁਖਾਂਤ

ਸਾਲ 2017 ਦੇ ਅਗਸਤ ਮਹੀਨੇ ਦੀ 14-15 ਦੀ ਅੱਧੀ ਰਾਤ ਨੂੰ ਦੇਸ਼ ਦੇ ਵਟਵਾਰੇ ਦੇ 70 ਸਾਲ ਪੂਰੇ ਹੋ ਗਏ ਹਨ। 1947 ਵਿੱਚ ਵਾਪਰੇ ਇਸ ਉਜਾੜੇ ਨੂੰ ਇਤਿਹਾਸਕਾਰਾਂ ਨੇ ਇਸ ਨੂੰ 20ਵੀਂ ਸਦੀ ਦਾ ਸਭ ਤੋਂ ਵੱਡਾ ਤੇ ਭਿਆਨਕ ਦੁਖਾਂਤ ਦੱਸਿਆ ਹੈ। ਇਹ ਦੁਨੀਆਂ ਦੇ ਹੋਰ ਦੁਖਾਂਤਾਂ ਨਾਲੋਂ ਤਿੰਨ ਪੱਖਾਂ ਤੋਂ ਵਿਲੱਖਣ ਸੀ।ਪਹਿਲਾ,ਏਨੇ ਵੱਡੇ ਪੱਧਰ 'ਤੇ ਲੋਕਾਂ ਦੇ ਆਪਣੇ ਘਰਾਂ ਤੋਂ ਉੱਜੜ ਕੇ ਅਣਦੇਖੇ ਇਲਾਕਿਆਂ ਵੱਲ ਜਾਣਾ; ਦੂਜੇ ਏਨੇ ਵੱਡੇ ਪੱਧਰ 'ਤੇ ਕਤਲ, ਬਲਾਤਕਾਰ ਤੇ ਲੁੱਟਾਂ-ਖੋਹਾਂ; ਤੀਜੇ, ਆਪਣੀ ਜਨਮ-ਭੂਮੀ ਤੋਂ ਉੱਜੜ ਕੇ ਨਵੇਂ ਥਾਂ ਜਾ ਕੇ ਵਸਣਾ।ਇਸ ਦੇ ਪੰਜਾਬ ਅਤੇ ਪੰਜਾਬੀਅਤ 'ਤੇ ਦੂਰਪ੍ਰਭਾਵੀ ਅਸਰ ਪਏ ਹਨ ਜਿਸ ਦੇ ਕੁੱਝ ਅੰਸ਼ ਇੱਥੇ ਦਿੱਤੇ ਜਾ ਰਹੇ ਹਨ।

ਭਾਰਤ-ਪਾਕਿ ਵੰਡ ਸਮੇਂ ਡੇਢ ਤੋਂ ਦੋ ਕਰੋੜ ਲੋਕਾਂ ਨੇ ਸਰਹੱਦ ਨੂੰ ਪਾਰ ਕੀਤਾ।

ਇਸ ਸਮੇਂ ਘੱਟੋ-ਘੱਟ ਪੰਜ ਲੱਖ ਲੋਕ ਮਾਰੇ ਗਏ ਜਾਂ ਗੁੰਮ ਹੋਏ।

ਇਸ ਬਟਵਾਰੇ ਨਾਲ ਇੱਕ ਕਰੋੜ ਵੀਹ ਲੱਖ ਲੋਕ ਬੇਘਰੇ ਹੋਏ।

ਉਸ ਸਮੇਂ ਆਵਾਜਾਈ ਦੀਆਂ ਆਧੁਨਿਕ ਸਹੂਲਤਾਂ ਨਾ ਹੋਣ ਕਾਰਨ ਬਹੁਤੇ ਲੋਕਾਂ ਨੇ ਆਪਣੇ ਬਲਦ-ਗੱਡਿਆਂ ਨਾਲ ਜਾਂ ਪੈਦਲ ਸਫਰ ਕੀਤਾ।

ਚੌਮਾਸੇ ਤੇ ਬਰਸਾਤੀ ਮੌਸਮ ਕਾਰਨ ਹੈਜਾ ਅਤੇ ਪਲੇਗ ਵਰਗੀਆਂ ਬਿਮਾਰੀਆਂ ਫੈਲ ਗਈਆਂ।

ਪੀਣ ਵਾਲੇ ਪਾਣੀ ਦੀ ਅਤਿ ਕਿੱਲਤ ਹੋ ਗਈ।

ਇਸ ਸਮੇਂ 33 ਹਜ਼ਾਰ ਹਿੰਦੂ-ਸਿੱਖ ਔਰਤਾਂ ਅਤੇ 50 ਹਜ਼ਾਰ ਮੁਸਲਿਮ ਔਰਤਾਂ ਦਾ ਉਧਾਲਾ ਹੋਇਆ।

ਪੰਜਾਬ ਕੋਲੋਂ ਨਹਿਰੀ ਤੇ ਉਪਜਾਊ ਜ਼ਮੀਨ ਖੁੱਸ ਗਈ।


ਪਾਕਿਸਤਾਨ ਦੇ ਮੁਕਾਬਲੇ ਪੰਜਾਬ ਵਿੱਚ ਘੱਟ ਜ਼ਮੀਨ ਹੋਣ ਕਾਰਨ ਕਈ ਕਿਸਾਨਾਂ ਦੀ ਜ਼ਮੀਨ ਘਟ ਗਈ ਅਤੇ ਉਨ੍ਹਾਂ ਨੂੰ ਮਜ਼ਦੂਰੀ ਕਰਨੀ ਪਈ। ਖੇਤੀ ਦੇ ਨਵੇਂ ਸੰਦ ਬਣਾਉਣ ਲਈ ਅਤੇ ਡੰਗਰ ਖਰੀਦਣ ਵਿੱਚ ਕਿਸਾਨਾਂ ਨੂੰ ਬਹੁਤ ਮੁਸ਼ਕਲ ਪੇਸ਼ ਆਈ।

ਸ਼ਰਨਾਰਥੀਆਂ ਨੂੰ ਘਰਾਂ ਅਤੇ ਜ਼ਮੀਨਾਂ ਦੀ ਅਲਾਟਮੈਂਟ ਲਈ ਇੱਕ ਪੀੜ੍ਹੀ ਗੁਜ਼ਰ ਗਈ।

ਹਿੰਦੂਆਂ ਅਤੇ ਸਿੱਖਾਂ ਦੇ ਬਹੁਤੇ ਧਾਰਮਿਕ ਸਥਾਨ ਪਾਕਿਸਤਾਨ ਵਿੱਚ ਰਹਿ ਗਏ।

ਪੀਰਾਂ,ਫ਼ਕੀਰਾਂ, ਨਾਥਾਂ, ਜੋਗੀਆਂ,ਸੂਫ਼ੀਆਂ ,ਕਿੱਸਾਕਾਰਾਂ ਦੇ ਵੰਡ ਹੋਣ ਨਾਲ ਸੱਭਿਆਚਾਰਕ ਸਾਂਝ ਟੁੱਟ ਗਈ।

ਪੰਜਾਬੀ ਬੋਲਦੇ ਲੋਕ ਪਾਕਿਸਤਾਨ ਵਿੱਚ ਰਹਿ ਜਾਣ ਨਾਲ ਮਾਂ ਬੋਲੀ ਪੰਜਾਬੀ ਨੂੰ ਸਭ ਤੋਂ ਵੱਡਾ ਨੁਕਸਾਨ ਹੋਇਆ।



# ਸੱਤ ਦਿਨ, ਜਿਨ੍ਹਾਂ ਦੁਨੀਆਂ ਹਿਲਾ ਦਿੱਤੀ

ਡਾ. ਕੁਲਵੰਤ ਕੌਰ
ਪਟਿਆਲਾ

ਦਸੰਬਰ ਮਹੀਨੇ ਦਾ ਆਖਰੀ ਹਫ਼ਤਾ ਸਿੱਖ ਇਤਿਹਾਸ ਵਿੱਚ ਵਿਸ਼ੇਸ਼ ਸਥਾਨ ਰਖਦਾ ਹੈ। ਸੰਨ 1704 ਵਿੱਚ 21 ਦਸੰਬਰ ਤੋਂ 27 ਦਸੰਬਰ 1704 ਤੱਕ ਦੋ ਅਜਿਹੇ ਸ਼ਹੀਦੀ ਸਾਕੇ ਵਾਪਰੇ ਜਿਨ੍ਹਾਂ ਨੇ ਹਰ ਇਨਸਾਫ਼ਪਸੰਦ ਮਨੁੱਖ ਦਾ ਹਿਰਦਾ ਵਲੂੰਧਰ ਦਿੱਤਾ। ਇਨ੍ਹਾਂ ਵਿੱਚ ਸ਼ਹੀਦ ਹੋਏ ਯੋਧਿਆਂ ਦਾ ਇਤਿਹਾਸ ਵਿੱਚ ਕੋਈ ਸਾਨੀ ਨਹੀਂ। ਇਹ ਸਾਕੇ ਸਨ- 'ਚਮਕੌਰ ਦੀ ਜੰਗ' ਅਤੇ 'ਸਾਕਾ ਸਰਹੰਦ'। ਇਨ੍ਹਾਂ ਦੋਵੇਂ ਖੂਨੀ ਤੇ ਜ਼ੁਲਮੀ ਸਾਕਿਆਂ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਦੇ ਬਿਰਧ ਮਾਤਾ ਗੁਜਰੀ ਜੀ (85 ਸਾਲ), 19 ਸਾਲ ਤੋਂ 7 ਸਾਲ ਤੱਕ ਦੀਆਂ ਉਮਰਾਂ ਦੇ ਚਾਰ ਸਾਹਿਬਜ਼ਾਦੇ- ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ, ਦੋ ਪਿਆਰੇ- ਭਾਈ ਮੋਹਕਮ ਸਿੰਘ ਤੇ ਭਾਈ ਹਿੰਮਤ ਸਿੰਘ ਅਤੇ ਦਰਜਨਾ ਬਹਾਦਰ ਯੋਧੇ ਸ਼ਹੀਦ ਹੋ ਗਏ। ਪੰਥ ਦੀ ਮਹਾਨ ਵਿਦਵਾਨ ਡਾ. ਕੁਲਵੰਤ ਕੌਰ ਨੇ ਆਪਣੇ ਕਿਤਾਬਚੇ,'ਚਮਕੌਰ ਅਤੇ ਸਰਹੰਦ ਦੇ ਬਾਂਕੇ ਨਾਇਕ' ਵਿੱਚ ਇਨ੍ਹਾਂ ਸ਼ਹੀਦੀਆਂ ਦਾ ਬਿਆਨ ਬਹੁਤ ਹੀ ਭਾਵਪੂਰਤ ਅਤੇ ਹਿਰਦੇਵੇਧਕ ਸ਼ਬਦਾਂ ਵਿੱਚ ਕੀਤਾ ਹੈ ਜਿਸ ਦੇ ਕੁੱਝ ਚੋਣਵੇਂ ਅੰਸ਼ ਇੱਥੇ ਦਿੱਤੇ ਜਾ ਰਹੇ ਹਨ। (ਸੰਪਾਦਕ)

**ਚਮਕੌਰ ਦੀ ਗੜ੍ਹੀ ਦੇ ਕ੍ਰਿਸ਼ਮੇ-** ਕਾਫ਼ਿਰ ਸ਼ਕਤੀਆਂ ਦੀ ਬੇਈਮਾਨੀ, ਆਂਤਰਿਕ ਸਾੜਾ, ਸੱਚ ਨੂੰ ਰੌਂਦਣ ਦੀ ਕੋਝੀ ਹਰਕਤ ਅਤੇ ਪਹਾੜੀ ਰਾਜਿਆਂ ਦੀ ਧੋਖਾਧੜੀ ਨਾਲ ਸਿੱਝਣ ਲਈ ਗੁਰੂ ਗੋਬਿੰਦ ਸਿੰਘ ਜੀ ਨੂੰ ਕਾਫ਼ੀ ਜਾਨੀ ਤੇ ਮਾਲੀ ਨੁਕਸਾਨ ਉਠਾਉਣਾ ਪਿਆ। ਸਾਲ 1704 ਦੇ ਦਸੰਬਰ ਦੀ 21 ਤਰੀਖ ਨੂੰ ਗੁਰੂ ਜੀ ਨੂੰ ਆਨੰਦਪੁਰ ਦਾ ਕਿਲ੍ਹਾ ਛੱਡਣਾ ਪਿਆ। ਕਈ ਮਹੀਨਿਆਂ ਤੋਂ ਪਏ ਅਨੰਦਪੁਰੀ ਘੇਰੇ ਕਾਰਨ ਭੁੱਖ, ਪਿਆਸ ਤੇ ਅਸਲੇ ਤੋਂ ਥੁੜ੍ਹੇ ਗੁਰੂ ਕੇ ਬਾਂਕੇ ਸਿੱਖਾਂ ਨੇ ਸ਼ਾਹੀ ਫ਼ੌਜਾਂ ਦੀਆਂ ਟੁੱਟੀਆਂ ਕਸਮਾਂ-ਸੁਗੰਧਾਂ ਪਿਛੋਂ ਸੰਸਾਰ ਦੀ ਸਭ ਤੋਂ ਵੱਡੀ ਅਸਾਵੀਂ ਚਮਕੌਰ ਦੀ ਜੰਗ ਵਿੱਚ ਜਿਹੜੀ ਬੀਰਤਾ ਤੇ ਸਿਦਕ ਦਿਲੀ ਦਿਖਾਈ ਉਹ ਲਾਮਿਸਾਲ ਹੈ। ਕੇਵਲ ਚਾਲੀ ਭੁੱਖਣਭਾਣੇ ਸਿੰਘ ਤੇ ਦੋ ਵੱਡੇ ਸਾਹਿਬਜ਼ਾਦੇ ਗੁਰੂ ਜੀ ਦੇ ਅੰਗ ਸੰਗ ਸਨ ਜਦੋਂ ਚੌਹਾਂ ਪਾਸਿਆਂ ਤੋਂ ਲੱਖਾਂ ਦੀ ਤਾਦਾਦ ਵਿੱਚ ਵੈਰੀ ਦਲਾਂ ਨੇ ਚਮਕੌਰ ਦੀ ਹਵੇਲੀ ਨੂੰ ਆ ਘੇਰਾ ਪਾਇਆ। 22 ਦਸੰਬਰ ਨੂੰ ਘਮਸਾਨ ਦਾ ਯੁੱਧ ਹੋਇਆ ਜਿਸ ਦੌਰਾਨ ਗੁਰੂ ਜੀ ਦੇ ਦੋ ਸਾਹਿਬਜ਼ਾਦੇ ਸ਼ਹੀਦੀ ਪਾ ਗਏ। ਆਹੂ ਲਾਹੁੰਦੇ ਤੇ ਇੱਕ ਨਵਾਂ ਇਤਿਹਾਸ ਸਿਰਜਦੇ ਇਨ੍ਹਾਂ ਗੁਰੂ ਪਿਆਰਿਆਂ ਤੇ ਗੁਰੂ ਦੁਲਾਰਿਆਂ ਨੇ ਨਾਟਕੀ ਜੁਗਤ ਰਾਹੀਂ ਪੰਜ ਪਿਆਰਿਆਂ ਦੇ ਰੂਪ ਵਿੱਚ ਖ਼ਾਲਸਾ ਪੰਥ ਦੀ ਪ੍ਰਤਿਨਿਧਤਾ ਕਰਦਿਆਂ ਆਪਣੇ ਦਾਤਾਰ ਨੂੰ ਗੜ੍ਹੀ ਤੋਂ ਬਾਹਰ ਨਿਕਲ ਜਾਣ ਦਾ ਹੁਕਮ ਸੁਣਾਉਂਦਿਆਂ ਅਕਾਲ ਪੁਰਖ ਦੀ ਫ਼ੌਜ ਤੇ ਫੌਜਦਾਰ ਹੋਣ ਦੇ ਨਾਤੇ ਆਪਣੇ ਹੱਕ ਦਾ ਇਸਤੇਮਾਲ ਕਰ ਵਿਖਾਇਆ। ਜਦੋਂ ਅਗਲੀ ਸਵੇਰ ਭਾਈ ਸੰਗਤ ਸਿੰਘ ਦੀ ਕਲਗੀ ਤੇ ਗੁਰੂ-ਪੌਸ਼ਾਕ ਵਾਲੀ ਦੇਹ ਤੋਂ ਸੀਸ ਕੱਟ ਕੇ ਉਸ ਨੂੰ ਬਾਦਸ਼ਾਹ ਦੇ ਦਰਬਾਰ ਵਿੱਚ ਪੇਸ਼ ਕੀਤਾ ਤਾਂ ਨਿਸ਼ਾਨਦੇਹੀ ਉਪਰੰਤ ਫੌਜਦਾਰਾਂ ਤੇ ਸੈਨਾਪਤੀਆਂ ਨੂੰ ਅਤਿਅੰਤ ਹਾਸੋਹੀਣੀ ਸਥਿਤੀ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਪੰਥ ਦਾ ਵਾਲੀ ਤਾਂ ਟਿਕੀ ਰਾਤ ਸ਼ਾਹੀ ਸੈਨਾ ਨੂੰ ਵੰਗਾਰ ਕੇ ਗੜ੍ਹੀ ਤੋਂ ਬਾਹਰ ਚਲੇ ਗਿਆ ਸੀ। ਧੰਨ ਕਲਗੀਧਰ ਪਿਤਾ ਜਿਨ੍ਹਾਂ ਨੇ ਘਮਸਾਨ ਦੇ ਯੁੱਧ ਸਮੇਂ ਬਾਂਕੇ ਸਿਪਾਹੀਆਂ , ਬੀਰ-ਨਾਇਕਾਂ ਅਤੇ ਯੋਧੇ ਸਪੁੱਤਰਾਂ ਨੂੰ ਆਪ ਆਸ਼ੀਰਵਾਦ ਦੇ ਕੇ ਮੌਤ-ਲਾੜੀ ਨੂੰ ਵਰਨ ਲਈ ਤੋਰਿਆ, ਸਾਹਮਣੇ ਬੈਠ ਕੇ ਉਨ੍ਹਾਂ ਦੀ ਸੂਰਮਤਾਈ ਨੂੰ ਤੱਕਿਆ,ਉਨ੍ਹਾਂ ਦੀ ਸ਼ਹੀਦੀ ਤੇ ਓਸ ਅਕਾਲਪੁਰਖ ਦਾ ਕੋਟਾਨ ਕੋਟ ਸ਼ੁਕਰੀਆ ਵੀ ਅਦਾ ਕੀਤਾ। ਹਕੀਮ ਅੱਲਾ ਯਾਰ ਖਾਂ ਜੋਗੀ ਨੇ ਖ਼ੂਬ ਲਿਖਿਆ ਹੈ-

ਐ ਸਤਿਗੁਰੂ ਗੋਬਿੰਦ ! ਤੂੰ ਵਹ ਅਬਰਿ ਕਰਮ ਹੈ।
ਐ ਸਤਿਗੁਰੂ ਗੋਬਿੰਦ! ਤੂੰ ਵੁਹ ਅਬਰਿ ਹਮਮ ਹੈ।
ਸਾਨੀ ਤੇਰਾ ਦਾਰਾ ਨਾ ਥਾ, ਸਿਕੰਦਰ ਹੈ ਨ 'ਜਮ' ਹੈ
ਖਾਤਾ ਤੇਰੇ ਕਦਮੋਂ ਕੀ ਫਰੀਦੂ ਭੀ ਕਸਮ ਹੈ।

ਨਿਰਸੰਦੇਹ ਗੁਰੂ ਦੇ ਲਾਡਲੇ ਸਪੂਤਾਂ ਨੇ ਅੱਗੇ ਵਧਦਿਆਂ ਜਿਵੇਂ ਸ਼ਹਾਦਤ ਦਾ ਜਾਮ ਪੀਤਾ, ਉਸ ਨੂੰ ਵੇਖ ਕੇ ਅੰਬਰਾਂ ਦੇ ਫਰਿਸ਼ਤੇ ਵੀ ਪ੍ਰਸੰਨ ਹੋਏ ਹੋਣਗੇ ਕਿਉਂਕਿ ਇਹ ਯੁੱਧ ਕਿਸੇ ਜ਼ਰ,ਜਾਂ ਜ਼ਮੀਨ ਲਈ ਨਾ ਹੋ ਕੇ ਇਨਸਾਨੀਅਤ ਦੀ ਰਖਵਾਲੀ ਅਤੇ ਦੀਨ-ਦੁਖੀਆਂ ਤੇ ਮਜ਼ਲੂਮਾਂ ਦੇ ਬਚਾਉ ਹਿਤ ਸੀ।

**ਸਾਕਾ-ਏ- ਸਰਹੰਦ :-** ਇਹ 27 ਦਸੰਬਰ 1704 ਦਾ ਦਿਨ ਸੀ ਜਦੋਂ ਪੰਜਾਬ ਦੀ ਧਰਤੀ ਤੇ ਜ਼ਿਮੀਂ ਆਸਮਾਂ ਨੂੰ ਕੰਬਾਉਣ ਵਾਲਾ ਸਾਕਾ ਵਰਤਿਆ ਜਿਸ ਨੂੰ ਭਾਵੇਂ 'ਸਿੱਖਾਂ ਦੀ ਕਰਬਲਾ' ਆਖਿਆ ਜਾਂਦਾ ਹੈ ਪਰੰਤੂ ਕਰਬਲਾਂ ਦੇ ਮੈਦਾਨੇ-ਜੰਗ ਵਿੱਚ ਸ਼ਹੀਦੀਆਂ ਪਾਉਣ ਵਾਲੇ ਸ਼ਖ਼ਸ ਉਮਰਾਂ ਪੱਖੋਂ ਪ੍ਰੌੜ੍ਹ ਵਿਅਕਤੀ ਸਨ ਜਦੋਂ ਕਿ ਦਸਮੇਸ਼ ਦੁਲਾਰਿਆਂ ਦੀ ਉਮਰ ਬਹੁਤ ਹੀ ਹਲਕੀ ਸੀ। ਪੜਪੜਦਾਦੇ ਦੀ ਲਾਸਾਨੀ ਸ਼ਹਾਦਤ, ਪੜਦਾਦੇ ਦੀ ਮੀਰੀ-ਪੀਰੀ ਤੇ ਮੁਗਲਾਂ ਨਾਲ ਸ਼ਸਤਰਬੱਧ ਯੁੱਧ, ਦਾਦੇ ਦੀ ਸ਼ਾਂਤਮਈ ਕੁਰਬਾਨੀ ਤੇ ਧਰਮ-ਰੱਖਿਅਕ ਨੀਤੀ, ਪਿਤਾ ਦਾ ਪਲ ਪਲ ਸਾਹਸੀ ਸਫ਼ਰ ਅਤੇ ਮਾਨਵੀਅਤਾ ਦੀ ਕਾਇਮੀ ਲਈ ਕੀਤੀ ਜੱਦੋ ਜਹਿਦ ਇਨ੍ਹਾਂ ਸਾਹਿਬਜ਼ਾਦਿਆਂ ਦੇ ਦਿਲੋ ਦਿਮਾਗ ਵਿੱਚ ਤਾਜ਼ਾ ਸੀ। ਫਿਰ ਨੌਂ ਤੇ ਸੱਤ ਸਾਲ ਦੇ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਵਲੋਂ ਆਪਣੀ ਦਾਦੀ ਦੀ ਰੂਹਾਨੀ ਰਹਿਨੁਮਾਈ ਵਿੱਚ ਸਰਹਿੰਦ ਵਿਖੇ ਜੋ ਅਲੋਕਾਰਾ ਸਾਕਾ ਵਰਤਾਇਆ ਗਿਆ ਇਹ ਸੱਚਮੁੱਚ ਸਮੁੱਚੀ ਇਤਿਹਾਸਕ ਧਾਰਾ ਦਾ ਇੱਕ ਵਚਿੱਤਰ ਕਾਂਡ ਹੋ ਨਿੱਬੜਿਆ ਹੈ। ਕੋਈ ਦਬਾਅ, ਕੋਈ

ਲਾਲਚ,ਕੋਈ ਲੋਭ, ਕੋਈ ਡਰ, ਕੋਈ ਪ੍ਰੇਰਨਾ ਉਨ੍ਹਾਂ ਅਡੋਲ ਬੱਚਿਆਂ ਨੂੰ ਡਗਮਗਾ ਨਾ ਸਕਿਆ। ਜਿਸ ਨਿਰਭੈਤਾ ਅਤੇ ਦਲੇਰੀ ਨਾਲ ਨਿੱਕੀਆਂ ਜਿੰਦਾਂ ਨੇ ਆਪਣੀ ਅਦੁੱਤੀ ਕੁਰਬਾਨੀ ਦਿੱਤੀ ਉਹ ਦੁਨੀਆਂ ਦਾ ਇੱਕ ਅਲੌਕਿਕ ਸਾਕਾ ਬਣ ਉੱਠਿਆ।ਇਸ ਨਿਵੇਕਲੀ ਸ਼ਹਾਦਤ ਬਾਰੇ ਹਿੰਦੀ ਦੇ ਪ੍ਰਸਿੱਧ ਕਵੀ ਮੈਥਿਲੀਸ਼ਰਨ ਗੁਪਤ ਲਿਖਦੇ ਹਨ-

ਜਿਸ ਕੁੱਲ ਦੇਸ਼ ਕੌਮ ਦੇ ਬੱਚੇ
ਦੇ ਸਕਤੇ ਹੋਂ ਯੂੰ ਬਲੀਦਾਨ।
ਉਨਕਾ ਵਰਤਮਾਨ ਕੁਛ ਵੀ ਹੋ
ਲੇਕਿਨ ਭਵਿਸ਼ਯ ਮਹਾਂ ਮਹਾਨ।

ਨਿਆਰੇ ਪੁੱਤਰ, ਨੂੰਹਾਂ, ਅਤੇ ਚਾਰੇ ਪੋਤਰਿਆਂ ਨੂੰ ਇਤਿਹਾਸਕ ਜੀਵਨ ਜਾਚ ਸਿਖਾਉਣ ਵਾਲੀ ਮਾਂ ਗੁਜਰੀ ਨਾ ਕੇਵਲ ਸਿੱਖ ਇਤਿਹਾਸ ਦੀ ਹੀ ਸਗੋਂ ਵਿਸ਼ਵ ਇਤਿਹਾਸ ਦੀ ਉਹ ਮਿਸਾਲੀ ਜਣਨੀ ਹੋ ਨਿੱਬੜਦੀ ਹੈ ਜਿਸ ਨੇ ਪਚਾਸੀ ਸਾਲਾਂ ਦੀ ਬਿਰਧ ਉਮਰੇ ਸੱਤ ਤੇ ਨੌਂ ਸਾਲਾਂ ਦੇ ਭੋਲੇ ਭਾਲੇ ਪੋਤਰਿਆਂ ਨੂੰ ਸਰਹਿੰਦ ਦੇ ਠੰਢੇ ਬੁਰਜ ਵਿੱਚ ਨਜ਼ਰਬੰਦੀ ਦੌਰਾਨ ਅਜਿਹੇ ਬੀਰਤਾਪੂਰਨ ਸਾਕੇ ਸੁਣਾਏ, ,ਅਜਿਹੀ ਸਿੱਖਿਆ ਦ੍ਰਿੜਾਈ ਅਤੇ ਅਜਿਹਾ ਹੌਸਲਾ ਦਿੱਤਾ ਕਿ ਦੰਭੀ ਅਤੇ ਜਾਬਰ ਨਵਾਬ ਨੂੰ ਡੁੱਬ ਮਰਨ ਜੋਗਾ ਕਰਦਿਆਂ ਨੰਨ੍ਹੇ ਸਾਹਿਬਜ਼ਾਦੇ ਨਾ ਨੀਂਹਾਂ ਵਿੱਚ ਚਿਣੇ ਜਾਣ ਤੋਂ ਘਬਰਾਏ ਅਤੇ ਨਾ ਤਲਵਾਰ ਨਾਲ ਕੱਟੇ ਜਾਣ ਸਮੇਂ ਡੋਲੇ।ਇਹ ਉਹ ਮਹਾਨ ਔਰਤ ਸੀ ਜਿਸ ਨੇ ਚੌਦਾਂ ਜੰਗਾਂ ਸਮੇਂ ਮਹਾਂਯੋਧੇ ਪੁੱਤਰ ਦੇ ਅੰਗ ਸੰਗ ਰਹਿ ਕੇ ਉਸ ਨੂੰ ਲਾਸਾਨੀਅਤ ਦੀ ਸਿੱਖ ਮੱਤ ਦਿੱਤੀ ਸੀ ਅਤੇ ਅਪਣੇ ਲਾਡਲਿਆਂ ਦੀ ਸ਼ਹੀਦੀ ਤੋਂ ਤੁਰੰਤ ਬਾਅਦ ਵਿੱਚ ਸ਼ਹੀਦੀ ਜਾਮ ਪੀ ਲਿਆ।

21 ਦਸੰਬਰ ਤੋਂ 27 ਦਸੰਬਰ 1704 ਦੇ ਇਨ੍ਹਾਂ 7 ਦਿਨਾਂ ਨੇ ਆਉਣ ਵਾਲੀਆਂ ਢਾਈ ਸਦੀਆਂ ਦੇ ਸੂਰਬੀਰਤਾ ਭਰੇ ਇਤਿਹਾਸ ਦੀ ਦਿਸ਼ਾ ਅਤੇ ਦਸ਼ਾ ਨਿਰਧਾਰਤ ਕਰ ਦਿੱਤੀ।ਪ੍ਰੇਮ ਦੇ ਖੇਲ੍ਹ ਵਿੱਚ ਸਿਰ ਨੂੰ ਤਲੀ 'ਤੇ ਟਿਕਾ ਕੇ ਜੂਝਣ ਵਾਲੇ ਰਹਿਬਰਾਂ ਦੀ ਬਦੌਲਤ ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਦੀਪ ਸਿੰਘ ਜੀ, ਭਾਈ ਮਨੀ ਸਿੰਘ, ਜਥੇਦਾਰ ਬਘੇਲ ਸਿੰਘ, ਜੱਸਾ ਸਿੰਘ ਆਹਲੂਵਾਲੀਆ,ਹਰੀ ਸਿੰਘ ਨਲੂਆ ਵਰਗੇ ਸਿਦਕੀ ਅਤੇ ਸਿਰੜੀ ਗੁਰਸਿੱਖ ਅਤੇ ਸੂਰਬੀਰ ਰਣ ਤੱਤ ਵਿੱਚ ਨਿੱਤਰੇ ਜਿਨ੍ਹਾਂ ਨੇ ਸਿੱਖੀ ਦੇ ਬੂਟੇ ਨੂੰ ਆਪਣੇ ਖ਼ੂਨ ਨਾਲ ਸਿੰਜਿਆ। ਪੰਜਾਬੀ ਦੇ ਮਹਾਨ ਕਵੀ ਪ੍ਰੋ.ਮੋਹਣ ਸਿੰਘ ਸਿੱਖ ਵਿਰਸੇ ਉਸਤਤ ਕਰਦਿਆਂ ਲਿਖਦੇ ਹਨ-

ਹਰ ਥਾਂ ਜੋ ਪਲਦਾ ਏ ਉਹ ਕਿਹੜਾ ਬੂਟਾ ਏ,
ਆਰੇ ਦੇ ਦੰਦਿਆਂ ਤੇ ਰੰਬੀਆਂ ਦੀਆਂ ਧਾਰਾਂ 'ਤੇ
ਖੈਬਰ ਦਿਆਂ ਦਰਿਆ 'ਤੇ ਲੱਖੀ ਦੇ ਜੰਗਲਾਂ ਵਿੱਚ,
ਰੋੜਾਂ ਵਿੱਚ ਰੱਕੜਾਂ ਵਿੱਚ,ਬੰਜਰਾਂ ਵਿੱਚ ਝੱਖੜਾਂ ਵਿੱਚ,
ਗੜਿਆਂ ਵਿੱਚ ਮੀਹਾਂ ਵਿੱਚ ਸਰਹਿੰਦ ਦੀਆਂ ਨੀਹਾਂ ਵਿੱਚ,
ਉੱਥੇ ਹੀ ਪਲਦਾ ਹੈ ਜਿੱਥੇ ਵੀ ਲਾ ਦੇਈਏ,
ਉਤਨਾ ਹੀ ਫਲਦਾ ਹੈ ਜਿਤਨਾ ਵੀ ਛਾਂਗ ਦੇਈਏ।

## ਦੇਸ਼ ਵਿਆਪੀ ਪ੍ਰੋਗਰਾਮ ਤਹਿਤ ਵਿਸ਼ਾਲ ਸੈਣੀ ਕੋਨਵੈਨਸ਼ਨ

ਆਲ ਇੰਡੀਆ ਸੈਣੀ ਸੇਵਾ ਸਮਾਜ (ਰਜ਼ਿ.) ਪੰਜਾਬ ਇਕਾਈ ਵਲੋਂ ਰਾਸ਼ਟਰੀ ਟੀਮ ਦੇ ਦੇਸ਼ ਵਿਆਪੀ ਪ੍ਰੋਗਰਾਮ ਤਹਿਤ ਵਿਸਾਲ ਸੈਣੀ ਕੰਨਵੈਨਸ਼ਨ 19 ਅਗਸਤ 2017 ਨੂੰ ਚੰਨੀ ਰਿਸੋਰਟ ਰਾਹੋਂ ਜਿਲ੍ਹਾ ਨਵਾਂਸ਼ਹਿਰ ਵਿੱਚ ਕਰਵਾਈ ਗਈ। ਜਿਸਦੀ ਪ੍ਰਧਾਨਗੀ ਪੰਜਾਬ ਪ੍ਰਧਾਨ ਹਰਜੀਤ ਸੈਣੀ ਲੌਂਗੀਆਂ ਨੇ ਕੀਤੀ ਅਤੇ ਉਦਘਾਟਨ ਸ੍ਰੀ ਤਰਸੇਮ ਸੈਣੀ ਰਾਸ਼ਟਰੀ ਪ੍ਰਧਾਨ ਰਾਇਸ ਮਿਲਰਜ਼ ਐਸੋਸੀਏਸ਼ਨ ਨੇ ਕੀਤਾ। ਮੁੱਖ ਮਹਿਮਾਨ ਦੇ ਤੌਰ ਤੇ ਸ੍ਰੀ ਰਾਜ ਕੁਮਾਰ ਸੈਣੀ ਰਾਸ਼ਟਰੀ ਪ੍ਰਧਾਨ ਯੂਥ ਵਿੰਗ, ਚੌਧਰੀ ਇੰਦਰਾਜ ਸਿੰਘ ਸੈਣੀ ਰਾਸ਼ਟਰੀ ਸਰਪ੍ਰਸਤ, ਰਾਜੇਸ ਸੈਣੀ ਰਾਸ਼ਟਰੀ ਉਪ ਪ੍ਰਧਾਨ ਸਾਮਲ ਹੋਏ, ਜਿਨ੍ਹਾਂ ਨੇ ਦੇਸ ਵਿੱਚ ਸਮਾਜ ਨੂੰ ਇਕਜੁਟ ਤੇ ਜਾਗਰੂਕ ਕਰਨ ਦਾ ਉਪਰਾਲਾ ਕੀਤਾ ਵਿਸੇਸ਼ ਤੌਰ ਸਾਮਲ ਹੋਏ। ਡਾ. ਪਵਨ ਸੈਣੀ ਐਮਐਲਏ ਲਾਡਵਾ ਨੇ ਸੈਣੀ ਸਮਾਜ ਨੂੰ ਰਾਜਨੀਤੀ ਪਕੜ ਮਜਬੂਤ ਕਰਨ ਦੀ ਅਪੀਲ ਕੀਤੀ। ਇਸ ਇਕੱਠ ਨੂੰ ਨਵਾਂਸਹਿਰ ਦੇ ਐਮਐਲਏ ਅੰਗਦ ਸੈਣੀ, ਸਾਬਕਾ ਐਮ. ਪੀ. ਸ੍ਰੀ ਚਰਨਜੀਤ ਸਿੰਘ ਚੰਨੀ, ਸਾਬਕਾ ਐਮ. ਪੀ. ਗੁਰਦਿਆਲ ਸਿੰਘ ਕੁਰੁਕਸੇਤਰ, ਐਡਵੋਕੇਟ ਵਿਕਰਮ ਸੈਣੀ ਸਹਾਰਨਪੁਰ ਯੂਪੀ, ਰਾਜਿੰਦਰ ਸੈਣੀ ਲਾਡਵਾ, ਬਹਾਦਰ ਸਿੰਘ ਸੈਣੀ ਭਾਰਟਾ, ਹਰਭਜਨ ਸੈਣੀ ਅਕਬਰਪੁਰ, ਬੀਬੀ ਪ੍ਰੀਤਮ ਕੌਰ ਭਿਉਰਾ ਪ੍ਰਧਾਨ ਇਸਤਰੀ ਵਿੰਗ, ਗੁਰਵਿੰਦਰ ਸੈਣੀ (ਆਈ ਏ ਐਸ ਕੋਚਿੰਗ ਸੈਟਰ) ਆਦਿ ਨੇ ਸਬੋਧਨ ਕੀਤਾ। ਸਟੇਜ ਸਕੱਤਰ ਦੀ ਸੇਵਾ ਤਰਲੋਚਨ ਸਿੰਘ ਸੈਣੀ ਸ੍ਰੀ ਫਤਿਹਗੜ੍ਹ ਸਾਹਿਬ ਨੇ ਨਿਭਾਈ। ਇਸ ਕੰਨਵੈਨਸਨ ਵਿੱਚ ਸਮਾਜ ਦੀਆਂ ਕਈ ਸੰਸਥਾਵਾਂ ਰਾਸਟਰੀ ਸੈਣੀ ਯੂਥ ਫੇਡਰੇਸ਼ਨ, ਸੈਣੀ ਜਾਗ੍ਰਿਤੀ ਮੰਚ ਹੁਸਿਆਰਪੁਰ, ਸੈਣੀ ਯੁਵਾ ਮੰਚ ਜਲੰਧਰ, ਸੈਣੀ ਸਭਾ ਦੀਨਾਨਗਰ, ਸੈਣੀ ਸਭਾ ਪਟਿਆਲਾ, ਸੈਣੀ ਸਭਾ ਡੇਰਾਬੱਸੀ, ਟਰਾਈ ਸਿਟੀ ਸੈਣੀ ਸਭਾ ਚੰਡੀਗੜ੍ਹ, ਸੈਣੀ ਸਭਾ ਅੰਬਾਲਾ, ਸੈਣੀ ਸਭਾ ਕੁਰਕਸੇਤਰ ਨੇ ਹਿੱਸਾ ਲਿਆ।

ਆਪਣੇ ਸਬੋਧਨ ਵਿੱਚ ਪੰਜਾਬ ਪ੍ਰਧਾਨ ਹਰਜੀਤ ਸਿੰਘ ਸੈਣੀ ਲੌਂਗੀਆਂ ਨੇ ਜਿਥੇ ਆਏ ਹੋਏ ਆਗੂ ਸਹਿਬਾਨਾਂ ਅਤੇ ਸਮਾਜ ਦੇ ਸਮੂਹ ਲੋਕਾਂ ਦਾ ਧੰਨਵਾਦ ਕੀਤਾ ਉਥੇ ਇਹ ਵੀ ਕਿਹਾ ਸਮਾਜ ਨੂੰ ਇਕਜੁਟ ਕਰਨ ਅਤੇ ਗੋਰਵਮਈ ਇਤਿਹਾਸ ਨਾਲ ਜੋੜਨ ਲਈ ਹੋਰ ਉਪਰਾਲੇ ਕੀਤੇ ਜਾਵਗੇ।

ਇਸ ਮੌਕੇ ਹੋਰਨਾ ਤੋ ਇਲਾਵਾ ਸ.ਧਰਮ ਸਿੰਘ ਸੈਣੀ ਚੇਅਰਮੈਨ ਸਹਿਕਾਰੀ ਬੈਂਕ, ਰਿਟ. ਪੁਲਿਸ ਇਸਪੈਕਟਰ ਗੁਰਦਿਆਲ ਸਿੰਘ ਪਠਾਨਕੋਟ, ਪਲਵਿੰਦਰ ਕੌਰ ਰਾਣੀ, ਮੋਹਿਦਰ ਸਿੰਘ ਸੈਣੀ, ਹਰਬੰਸ ਸਿੰਘ ਸੈਣੀ ਪਟਿਆਲਾ, ਸ. ਅਜੀਤ ਸਿੰਘ ਪਟਿਆਲਾ, ਕੁਲਦੀਪ ਸਿੰਘ ਭਾਗੋਵਾਲ ਆਦਿ ਹਾਜ਼ਰ ਸਨ।

ਹਰਜੀਤ ਸਿੰਘ ਲੌਂਗੀਆ
9463822404

ਜੀਵਨ ਜਾਚ

# ਚੁੱਪ ਦੀ ਮਹਿਮਾ

ਸੁਖਮਿੰਦਰ ਸਿੰਘ ਸਹਿੰਸਰਾ

ਕਈ ਵਾਰ ਖ਼ਿਆਲ ਆਉਂਦਾ ਹੈ ਕਿ ਜਿਸ ਜ਼ਮਾਨੇ ਵਿੱਚ ਕਿਸੇ ਨੇ 'ਇੱਕ ਚੁੱਪ ਸੌ ਸੁਖ' ਵਾਲੀ ਗੱਲ ਕਹੀ ਹੋਵੇਗੀ, ਉਸ ਜ਼ਮਾਨੇ ਵਿੱਚ ਅੱਜ ਵਾਂਗ ਬੋਲਾਂ ਕੁਬੋਲਾਂ ਦਾ ਰੋਲ ਘਚੋਲ ਨਹੀਂ ਹੋਣਾ, ਸ਼ਾਇਦ ਉਦੋਂ ਇੱਕ ਚੁੱਪ ਦੇ ਸੌ ਜਾਂ ਸੀਮਿਤ ਸੁੱਖ ਹੋਣ ਪਰ ਅੱਜ ਇੱਕ ਚੁੱਪ ਦੇ ਅਣਗਿਣਤ ਸੁਖ ਹਨ। ਸਮਾਜ ਜਾਂ ਘਰਾਂ ਵਿੱਚ ਕਲੇਸ਼ ਦਾ ਇੱਕ ਕਾਰਨ ਇਹ ਵੀ ਹੈ ਕਿ ਕਿਸੇ ਨੂੰ ਚੁੱਪ ਦੀ ਮਹਿਮਾ ਦਾ ਪਤਾ ਨਹੀਂ। ਜਿਸ ਦੇ ਮੂੰਹ ਵਿੱਚ ਜੋ ਕੁੱਝ ਆਉਂਦਾ ਹੈ, ਬੋਲ ਦਿੰਦਾ ਹੈ। ਇੱਕ ਔਰਤ ਕਿਸੇ ਸਿਆਣੇ ਨੂੰ ਪੁੱਛਣ ਲੱਗੀ, 'ਘਰ ਵਿੱਚ ਸ਼ਾਂਤੀ ਲਈ ਕਿਹੜਾ ਵਰਤ ਰੱਖਾਂ? ਸਿਆਣਾ ਬੋਲਿਆ,'ਮੌਨ ਵਰਤ।' ਔਰਤ ਚੁੱਪ ਰਹਿਣ ਲੱਗ ਪਈ। ਘਰ ਵਿੱਚ ਕਲੇਸ਼ ਮੁੱਕ ਗਿਆ। ਸਿਆਣੇ ਨੇ ਮੌਨ ਵਰਤ ਰਖਵਾ ਕੇ ਕਈ ਘਰਾਂ ਦਾ ਕਲੇਸ਼ ਮੁਕਾਇਆ। ਇਲਾਕੇ ਵਿੱਚ ਸਿਆਣੇ ਦੀ ਖ਼ੂਬ ਮਹਿਮਾ ਹੋਈ, ਪਰ ਕਿਸੇ ਨੂੰ ਵੀ ਕੀ ਪਤਾ ਸੀ ਕਿ ਇਹ ਸਿਆਣੇ ਦੀ ਮਹਿਮਾ ਨਹੀਂ ਸਗੋਂ ਚੁੱਪ ਦੀ ਮਹਿਮਾ ਹੈ।

ਚੁੱਪ ਰਹਿਣਾ ਪਰਮਾਤਮਾ ਦਾ ਆਦੇਸ਼ ਹੈ। ਗੁੰਮ-ਸੁੰਮ ਜਾਂ ਗੂੰਗੇ ਬਣਨ ਦਾ ਆਦੇਸ਼ ਨਹੀਂ ਹੈ। ਬਸ, ਜ਼ਰੂਰਤ ਤੋਂ ਬਗੈਰ ਬੋਲਣ ਦੀ ਮਨਾਹੀ ਹੈ। ਗੁਰੂ ਨਾਨਕ ਦੇਵ ਜੀ ਦਾ ਚੁੱਪ ਬਾਰੇ ਫੁਰਮਾਨ ਹੈ:

ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁੱਪ।।

ਸ਼ਾਇਦ ਪਰਮਾਤਮਾ ਨੇ ਸਾਨੂੰ ਦੋ ਕੰਨ, ਇੱਕ ਜ਼ੁਬਾਨ ਇਸੇ ਲਈ ਦਿੱਤੀ ਹੈ ਕਿ ਘੱਟ ਬੋਲੋ ਤੇ ਜ਼ਿਆਦਾ ਸੁਣੋ। ਸੁਣਨਾ ਬਹੁਤ ਵੱਡੀ ਕਲਾ ਹੈ। ਇਹ ਕਲਾ ਹਰੇਕ ਕੋਲ ਨਹੀਂ ਹੁੰਦੀ। ਜਿਨ੍ਹਾਂ ਕੋਲ ਹੁੰਦੀ ਹੈ, ਉਹ ਚੁੱਪ ਦੇ ਧਾਰਨੀ ਵੀ ਹੁੰਦੇ ਹਨ। ਅੰਗਰੇਜ਼ੀ ਦੇ Listen ਸ਼ਬਦ ਦੇ ਅੱਖਰਾਂ ਨੂੰ ਵੱਖ ਵੱਖ ਕਰ ਕੇ ਦੂਜਾ ਸ਼ਬਦ ਬਣਾਈਏ ਤਾਂ Silent ਸ਼ਬਦ ਬਣਦਾ ਹੈ। ਚੁੱਪ ਰਹਿਣ ਵਾਲੇ ਮਨੁੱਖ ਗੁਣਵਾਨ ਹੁੰਦੇ ਹਨ ਕਿਉਂਕਿ ਚੁੱਪ ਨਾਲ ਚੰਗੇ ਵਿਚਾਰ ਸੁਤੇਸਿਧ ਅੰਦਰ ਪ੍ਰਵੇਸ਼ ਕਰ ਜਾਂਦੇ ਹਨ। ਇਹ ਚੰਗੇ ਵਿਚਾਰ ਗੁਣਾਂ ਵਿੱਚ ਬਦਲ ਜਾਂਦੇ ਹਨ। ਗੁਣ ਹੀ ਚੰਗੀ ਸ਼ਖ਼ਸੀਅਤ ਸਿਰਜਦੇ ਹਨ। ਖ਼ੂਬਸੂਰਤੀ ਗੁਣਾਂ ਨਾਲ ਹੁੰਦੀ ਹੈ, ਖ਼ੂਬਸੂਰਤ ਕੱਪੜਿਆਂ ਨਾਲ ਨਹੀਂ। ਬੇਜਾਨ ਪੁਤਲੇ ਵੀ ਖ਼ੂਬਸੂਰਤ ਕੱਪੜੇ ਪਹਿਨ ਕੇ ਖ਼ੂਬਸੂਰਤ ਲੱਗਦੇ ਹਨ।

ਜਦੋਂ ਮਨੁੱਖ ਦੇ ਅੰਦਰ ਚੰਗੇ ਬੋਲ ਮੁੱਕ ਜਾਂਦੇ ਹਨ, ਉਦੋਂ ਉਹ ਮਾੜੇ ਬੋਲ ਬੋਲਦਾ ਹੈ। ਜਦੋਂ ਮਾੜੇ ਬੋਲ ਵੀ ਮੁੱਕ ਜਾਂਦੇ ਹਨ, ਉਦੋਂ ਇੱਟ, ਪੱਥਰ, ਡਾਂਗ, ਸੋਟਾ ਜਾਂ ਹੋਰ ਕੋਈ ਹਥਿਆਰ ਚੁੱਕ ਲੈਂਦਾ ਹੈ।ਅਜਿਹੀ ਸਥਿਤੀ ਆ ਜਾਵੇ ਤਾਂ ਕੁੱਝ ਸਕਿੰਟ ਚੁੱਪ ਰਹੋ । ਚੁੱਪ ਨਾਲ ਅੰਦਰ ਦੁਬਾਰਾ ਚੰਗੇ ਬੋਲ ਪ੍ਰਵੇਸ਼ ਕਰ ਜਾਣਗੇ ਤੇ ਕਿਸੇ ਨੂੰ ਮਾਰਨ ਵਾਸਤੇ ਚੁੱਕੀ ਹੋਈ ਵਸਤੂ ਆਪਣੇ ਆਪ ਹੱਥੋਂ ਛੁੱਟ ਜਾਵੇਗੀ ।


ਚੁੱਪ ਰਹਿਣ ਵਾਲਿਆਂ ਕੋਲ ਹੀ ਸ਼ਬਦਾਂ ਦਾ ਖ਼ਜ਼ਾਨਾ ਹੁੰਦਾ ਹੈ। ਕਈ ਸੰਤ , ਮਹਾਤਮਾ ਜਾ ਕਥਾਕਾਰ ਜਿੰਨਾ ਸਮਾਂ ਬੋਲਦੇ ਹਨ ਉਸ ਤੋ ਵਧੇਰੇ ਸਮਾਂ ਚੁੱਪ ਰਹਿੰਦੇ ਹਨ ਤਾਂ ਕਿ ਖ਼ਜ਼ਾਨੇ ਵਿੱਚੋ ਨਿਕਲ ਹੋਏ ਸ਼ਬਦਾਂ ਨੂੰ ਦੁਬਾਰਾ ਜਮ੍ਹਾਂ ਕਰ ਸਕਣ । ਇਹ ਸ਼ਬਦ ਹੀ ਉਨ੍ਹਾਂ ਦੇ ਜੀਵਨ ਦੀ ਰਾਸ ਹੁੰਦੇ ਹਨ। ਚੰਗੇ ਸ਼ਬਦ ਪਰਮਾਤਮਾ ਦੇ ਰਸਤੇ ਦੀ ਰਾਹਦਾਰੀ ਹੁੰਦੇ ਹਨ। ਮਾੜੇ ਸ਼ਬਦ ਬੋਲਣ ਨਾਲੋਂ ਚੁੱਪ ਰਹਿਣਾ ਕਿਤੇ ਚੰਗਾ ਹੈ। ਚੁੱਪ ਉਦੋਂ ਹੀ ਤੋੜਣੀ ਚਾਹੀਦੀ ਹੈ ਜਦ ਚੁੱਪ ਤੋਂ ਚੰਗੇ ਸ਼ਬਦ ਕੋਲ ਹੋਣ। ਮਾੜੇ ਸ਼ਬਦ ਸਭ ਨੂੰ ਕਰਾਰੀ ਚੋਟ ਮਾਰਦੇ ਹਨ। ਸਭ ਦਾਂ ਹਿਰਦਾ ਦੁਖਦਾ ਹੈ। ਹਰ ਹਿਰਦੇ ਵਿੱਚ ਪਰਮਾਤਮਾ ਵਸਦਾ ਹੈ। ਸਿੱਧੀ ਚੋਟ ਪਰਮਾਤਮਾ ਨੂੰ ਵੱਜਦੀ ਹੈ। ਮਾੜੇ ਸ਼ਬਦ ਬੋਲਣ ਵਾਲਾ ਗੁਨਾਹਦਾਰ ਹੋ ਜਾਂਦਾ ਹੈ।

ਡੂੰਘੇ ਪਾਣੀ ਹਮੇਸ਼ਾਂ ਚੁੱਪ ਚੱਲਦੇ ਹਨ। ਉਪਰਲੀ ਸਤਾ'ਤੇ ਚੱਲਣ ਵਾਲੇ ਪਾਣੀ ਖ਼ੌਰੂ ਪਾਉਂਦੇ ਹਨ। ਇਹ ਪਾਣੀ ਹੱਦਾਂ ਜਾਂ ਬੰਨ੍ਹ ਤੋੜ ਕੇ ਨਦੀਆਂ ਨਾਲੋਂ ਵਿਛੜ ਜਾਂਦੇ ਹਨ ਤੇ ਛੱਪੜਾਂ ਜਾਂ ਨਾਲਿਆਂ ਦਾ ਰੂਪ ਧਾਰ ਲੈਂਦੇ ਹਨ। ਇਹ ਪਾਣੀ ਗੰਧਲੇ ਹੋ ਜਾਂਦੇ ਹਨ ਤੇ ਇਨ੍ਹਾਂ ਵਿੱਚੋਂ ਬਦਬੂ ਆਉਣ ਲੱਗਦੀ ਹੈ। ਚੁੱਪ ਚੱਲਦੇ ਪਾਣੀ ਸਮੁੰਦਰ ਵਿੱਚ ਪ੍ਰਵੇਸ਼ ਕਰ ਕੇ ਸਮੁੰਦਰ ਦਾ ਰੂਪ ਹੋ ਜਾਂਦੇ ਹਨ। ਇਸੇ ਤਰ੍ਹਾਂ ਜਿਹੜੇ ਮਨੁੱਖ ਚੁੱਪ ਰਹਿ ਕੇ ਪਰਮਾਤਮਾ ਨੂੰ ਯਾਦ ਕਰਦੇ ਹਨ ਉਹ ਪਰਮਾਤਮਾ ਵਿੱਚ ਲੀਨ ਹੋ ਜਾਂਦੇ ਹਨ। ਅਭਿਆਸੀ ਜਾਣਦੇ ਹਨ ਕਿ ਜਦੋਂ ਅਭਿਆਸ ਦੁਆਰਾ ਸਿਮਰਨ ਜ਼ੁਬਾਨ (ਬੋਲਾਂ) ਤੋਂ ਗਲੇ ਤੇ ਫਿਰ ਹਿਰਦੇ ਵਿੱਚ ਪ੍ਰਵੇਸ਼ ਕਰਦਾ ਹੈ ਤਾਂ ਇਸ ਦਾ ਵਧੇਰੇ ਆਨੰਦ ਆਉਦਾ ਹੈ। ਅਭਿਆਸੀ ਚੁੱਪ- ਚੁਪੀਤੇ ਹਰ ਸਵਾਸ ਨਾਲ ਪਰਮਾਤਮਾ ਨੂੰ ਸਿਮਰਦੇ ਹਨ। ਮੂੰਹੋਂ ਬੋਲੇ ਬੋਲ ਤਾਂ ਛੱਤ ਤਕ ਨਹੀਂ ਪਹੁੰਚਦੇ, ਹਿਰਦੇ ਵਿੱਚੋ ਚੁੱਪ-ਚਾਪ ਨਿਕਲੇ ਬੋਲ ਪਰਮਾਤਮਾ ਤਕ ਪਹੁੰਚ ਜਾਂਦੇ ਹਨ।



ਚੁੱਪ ਇੱਕ ਭਾਸ਼ਾ ਵੀ ਹੈ। ਹਰ ਭਾਸ਼ਾ ਦੇ ਵੱਖ ਵੱਖ ਬੋਲ ਹੁੰਦੇ ਹਨ, ਪਰ ਚੁੱਪ ਦੀ ਭਾਸ਼ਾ ਦਾ ਇੱਕ ਹੀ ਬੋਲ ਹੁੰਦਾ ਹੈ। ਇਹ ਭਾਸ਼ਾ ਨਾ ਸਮਝ ਸਕਣ ਵਾਲੇ ਨੂੰ ਬੋਲ ਕੇ ਵੀ ਨਹੀਂ ਸਮਝਾਇਆ ਜਾ ਸਕਦਾ। ਇੱਕ ਅਰਥਪੂਰਨ ਚੁੱਪ ਅਨੇਕਾਂ ਅਰਥਹੀਣ ਬੋਲਾਂ ਤੋਂ ਕਿਤੇ ਚੰਗੀ ਹੁੰਦੀ ਹੈ। ਮੂਰਖ ਦੇ ਅਨੇਕਾਂ ਸਵਾਲਾਂ ਦਾ ਇੱਕ ਜਵਾਬ ਚੁੱਪ ਹੈ। ਅਨੇਕਾਂ ਭਾਸ਼ਾਵਾਂ ਦਾ ਗਿਆਨ ਰੱਖਣ ਵਾਲੇ ਵਿਚਾਰਵਾਨ ਜਾਂ ਵਿਦਵਾਨ ਕਈ ਵਾਰ ਇਤਰਾਜ਼ਯੋਗ ਬੋਲਾਂ ਕਾਰਨ ਵਿਵਾਦਾਂ ਵਿੱਚ ਫਸ ਜਾਂਦੇ ਹਨ, ਪਰ ਚੁੱਪ ਦੀ ਭਾਸ਼ਾ ਜਾਣਦੇ ਕਈ ਅਨਪੜ੍ਹ ਇਨਸਾਨ ਸੁਖ ਤੇ

ਬਾਕੀ ਸਫ਼ਾ 19 ਤੇ .........



## Enlightened Saintly Soul

Baldev Singh Mundra
Mumbai


(Late Mr Lekh Raj Mundra)

Mr Lekhraj Mundra s/o Station Master Munshi Ram Ji born in 1921 in my village Haveli Kalan, now part of Ropar. He was 17 years elder to me and we rarely met till he retired as Assistant Police Commissioner from Delhi and unlike others who after retirement from service settle at their last place of posting or other metro polis city, however he chose his birth place and settled in our village (Haveli Kalan).

My visits to our village became frequent after my retirement in 1996 and our interaction also increased. We came to know about his noble service in running Saini Bhawan and its Education Trust. We also observed his efforts to initiate an honourable shelter for senior citizens in the form of Apna Ghar by donating his own home and creating a Trust for its management after his death.

I am settled in Mumbai but have my wish and intention to uplift our Haveli Kalan villagers in the field of education that will automatically improve their well being in the long run. My main concern was that capable students are not devoid of education for want of money. How to start was my dilemma. I shared this problem with Mr L.R.Mundra who explained in detail the setting up of various charitable entity. Now it was clear that brother Mundra slowly but steadily developed the farm provided by Late Kaka Ram and planted a Tree/Plant registered as Kaka Ram Saini Charitable Trust with active support of Late Chaudhary Megh Raj Advocate. Later on he started a few technical venture, like tailoring& embroidery, fashion designing and beautician course for the benefit of local students. Thereafter, another Plant Saini Education Trust was also planted and the computer training under the aegis of the Education Trust was also started. Simultaneously, Brother L.R.Mundra started Apna Ghar for needy Senior citizens in our village.

The whole system to me appeared as an orchard by an experienced,dedicated andcommitted person. All this was done by him in a selfless manner as a service towards Saini community and other deserving underprivileged people. Mr L.R.Mundra was an able gardner who had tenderly nursed his plants that are sure to bear fruits. This convinced our family to help watering this beautiful garden, by giving a little humble donation. On next visit of our family, he introduced us to Saini Bhavan management team and surprisingly observed that everyone in this team is imbibed with a sense of dedication that existed in L.R.Mundra. We were satisfied that the things are stream lined and shall continue working normal all time to come. This further encouraged my wife (Mrs. Jaspal Kaur) for giving more donations to the Saini Charitable Education Trust.



We are like minded persons as regards to development of community and he used to share with me activities of Saini Bhawan,andcalled in me in Mumbai and expressed his sincere concern and anxiety regarding helping a meritorious son of a Saini lady who approached him to finance him for his doctorate in medicine with Rs three lacs. I promised and next day sent fiftythousand rupees, he himself put another fifty thousand from his pocket and remaining other members extended support in a special meeting of members called for this purpose. ThusRs. five lacs was deposited with the education authorities in time so that meritorious student could continue his studies.After this incident he expressed his desire to increase the scholarship amount up to twenty thousand or even more. He further indicated his intention to donate around one crore in various stages and gave about seventy lacs donation shortly after

this incident. He was very emotional and wanted to help others to the best of his efforts.

We are sure that now the beautiful Garden developed by untiring efforts of our beloved the Late Lekh RaJ Mundra will not wither. Timely action need to be taken to weed out any unwanted thorny unproductive bushes and due care may be taken to nurse the fruit giving and fragrant saplings. In this way we shall be in synchronises with the Aim and Vision of the late Kaka Ram Saini, Choudhary Megh Raj Advocate and our beloved Lekh Raj Mundra. The Enlightening Foot Print of Saintly Soul of the Late L.R. Mundra are clearly visible on this road, we are required only to follow it.

❊ ❊ ❊ ❊ ❊

## Latest General Knowledge

Er.S.S.Saini, Dera Bassi

**Sh. Ram Nath Kovind-** He has become India's 14$^{th}$.Predident. Born on 1$^{st}$. October 1945 in a village of tehsil Derapur near Kanpur, he is the First President from U.P. state. Also he is the second Dalit personality to rise to this highest post. He has been the Governor of Bihar from 2015 to 2017. He is Graduate in Law and Commerce. He cleared the I.A.S. examination but refused to join in Allied Service. He started his career as a lawer in Supreme Court. After the formation of Janta Party in 1977, he became the Private Secretary to Prime Minister Murar jI Desai. Mrs.Savita Kovind is his wife.


**Justice Dipak Mishra-** He was the Seniormost Judge of Supreme court who has now been appointed 45$^{th}$.Chief Justice of this apex court.He will retire on Oct.2, 2018

**K.K. Venugopal-** He has been appointed as Attorney general of India. He was an Additional Solicitor General in 1977.

**John Joseph-** He has been appointed Director General of Goods and Services Tax Intelligence.

**T.R.Zeliang-** He has been sworn as Chief Minister of Nagaland in place of Shurhozelie

## ਹਰਮਿੰਦਰ ਨੂਰਪੂਰੀ ਨੂੰ "ਅੱਖੀਆਂ 'ਚ ਪਾਣੀ ਦੇ ਰਿਲੀਜ਼ 'ਤੇ ਵਧਾਈ




ਦੇਸ਼ ਵਿਦੇਸ਼ ਵਿੱਚ ਆਪਣੀ ਗਾਇਕੀ ਦੀ ਸੋਹਰਤ ਦਾ ਮਾਨ ਹਾਸਿਲ ਕਰਨ ਵਾਲੇ ਬਰਾਦਰੀ ਦੇ ਪੰਜਾਬੀ ਨਾਮਵਰ ਗਾਇਕ ਹਰਮਿੰਦਰ ਨੂਰਪੂਰੀ ਦਾ ਸਿੰਗਲ ਟਰੈਕ ਗੀਤ "ਅੱਖੀਆਂ 'ਚ ਪਾਣੀ" ਦਾ 13 ਸਤੰਬਰ 2017 ਨੂੰ ਰਿਲੀਜ਼ ਹੋਣ ਤੇ ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਵਲੋਂ ਲੱਖ ਲੱਖ ਵਧਾਈ ਹੋਵੇ। ਸੰਸਥਾ ਨੂਰਪੂਰੀ ਦੀ ਗਾਇਕੀ ਦੀ ਚੜਦੀ ਕਲਾਂ ਦੀ ਕਾਮਨਾ ਕਰਦੀ ਹੈ। ਨੂਰਪੂਰੀ ਦਾ ਇਹ ਗੀਤ ਰੂਪਨਗਰ ਪ੍ਰੈਸ ਕਲੱਬ ਵਿਖੇ ਕਲੱਬ ਦੇ ਪ੍ਰਧਾਨ ਬਹਾਦਰਜੀਤ ਸਿੰਘ ਵੱਲੋਂ ਰਿਲੀਜ਼ ਕੀਤਾ ਗਿਆ।

❊ ❊ ❊ ❊ ❊

## ਵਧਾਈ

ਕੈਨੇਡਾ ਦੇ ਸ਼ਹਿਰ ਟਰਾਂਟੋ ਵਿਖੇ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਨੇ ਸ.ਅਮਰਜੀਤ ਸਿੰਘ ਬਣਵੈਤ ਦੀ ਪੁਸਤਕ 'ਹਨੇਰਾ ਸਵੇਰਾ' ਦਾ ਲੋਕ ਅਰਪਣ ਕੀਤਾ ਹੈ।ਇਹ ਉਨ੍ਹਾਂ ਦੀ ਚੌਥੀ ਪੁਸਤਕ ਹੈ।ਸ.ਬਣਵੈਤ ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਸਵ. ਹਰਚਰਨ ਸਿੰਘ ਦੇ ਹੋਣਹਾਰ ਸਪੁੱਤਰ ਹਨ ਅਤੇ ਇਹ ਪਰਿਵਾਰ ਪੰਜਾਬ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਵਿੱਚ ਪਿੰਡ ਉੜਾਪੜ ਨਾਲ ਸਬੰਧਿਤ ਹੈ।ਮੈਗਜ਼ੀਨ 'ਸੈਣੀ ਸੰਸਾਰ' ਦੀ ਸੰਪਾਦਕੀ ਟੀਮ ਵਲੋਂ ਆਪਣੇ ਇਸ ਲੇਖਕ ਨੂੰ ਬਹੁਤ ਬਹੁਤ ਵਧਾਈ ਹੋਵੇ।

❊ ❊ ❊ ❊ ❊

.....ਸਫਾ 18 ਦੀ ਬਾਕੀ

ਸ਼ਾਂਤੀ ਭਰਪੂਰ ਜੀਵਨ ਜਿਊਂਦੇ ਹਨ। ਸਰੀਰਕ ਤੰਦਰੁਸਤੀ ਪੱਖੋਂ ਵੀ ਚੁੱਪ ਦੀ ਭਰਪੂਰ ਮਹਿਮਾ ਹੈ। ਜ਼ਿਆਦਾ ਬੋਲਣ ਵਾਲੇ ਕਈ ਵਾਰ ਮਾੜੇ ਬੋਲਾਂ ਦੁਆਰਾ ਆਪਣੇ ਅੰਦਰ ਜ਼ਹਿਰ ਘੋਲ ਲੈਂਦੇ ਹਨ। ਇਸ ਜ਼ਹਿਰ ਨਾਲ ਉਨ੍ਹਾਂ ਦੇ ਸਰੀਰ ਦੇ ਹਾਰਮੋਨਜ਼ ਤੇ ਕੈਮੀਕਲਜ਼ ਵਿੱਚ ਬਦਲਾਉ ਕਾਰਨ ਕਈ ਮਾਨਸਿਕ ਤੇ ਸਰੀਰਕ ਬਿਮਾਰੀਆਂ ਲੱਗ ਜਾਂਦੀਆਂ ਹਨ। ਬੋਲਾਂ ਕੁਬੋਲਾਂ ਦੇ ਰੌਲੇ ਰੱਪੇ ਵਾਲੀ ਅੱਜ ਦੀ ਜ਼ਿੰਦਗੀ ਵਿੱਚ ਤਾਂ ਚੁੱਪ ਦੀ ਮਹਿਮਾ ਹੋਰ ਵੀ ਵਧੇਰੇ ਹੈ। ਇਸ ਦੀ ਮਹਿਮਾ ਨੂੰ ਬੋਲ ਕੇ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਦੀ ਮਹਿਮਾ ਦਾ ਪਤਾ ਤਾਂ ਚੁੱਪ ਰਹਿ ਕੇ ਹੀ ਲੱਗ ਸਕਦਾ ਹੈ।

## DONORS OF REGULAR SCHOLARSHOPS
## For the Year 2017-18

| Sr.No. | Name Of Donor | Address | Amount Donated (Rs.) |
|---|---|---|---|
| 1 | Late. Sh. L.R. Mundra | Haveli Kalan, Rupnagar | 70,00,000<br>2,49,897 |
| 2 | Lt. Col. G.R. Saini (Retd.) | Hoshiarpur | 20,45,000 |
| 3 | S. Baldev Singh Mundra | Kondivali-East, Mumbai | 13,42,111 |
| 4 | S. Hardev Singh Saini | Flemington (U.S.A.) | 11,00,000 |
| 5 | Advocate Lajpat Rai Saini | East of Kailash, New Delhi | 3,49,000 |
| 6 | S. Tekpal Singh Saini | Faridabad (Haryana) | 2,61,000 |
| 7 | Smt. Baldev Chaudhry | G.Z.S. Nagaar, Rupnagar | 2,07,000 |
| 8 | Mrs. Rajinder Kaur | Sec. 71, S.A.S. Nagar | 2,00,000 |
| 9 | S. Gurmukh Singh Saini (M.C.) | S.B.S. Nagar Rupnagar | 1,51,000 |
| 10 | Late Sh. B.R. Tumber S.D.O (Retd) | S.D.O. (Retd.), New Delhi | 1,46,200 |
| 11 | S. Charan Singh Saini | Sec. 125, S.A.S. Nagar | 1,03,000 |
| 12 | Dr. Jaswant Kaur Saini | Guru Nagar, Rupnagar | 1,00,000 |
| 13 | Sh. Ujjal Dosanjh | Vancouvre (Canada) | 1,00,000 |
| 14 | Thekedar Gurmeet Singh Jattana | Sec. 33-B, Chandigarh | 1,00,000 |
| 15 | Late S. Trilochan Singh Saini | Bhopal | 93,500 |
| 16 | Mrs. Gurjinder Kaur | Hoshiarpur | 75,000 |
| 17 | Smt. Ranjit Kaur D/o Late S. Mohinder Singh Girn | USA | 66,000 |
| 18 | Late S. Bhag Singh Saini | Noida | 57,300 |
| 19 | S. Baldev Singh Saini | Bhopal | 51,000 |
| 20 | S. Gurinder Singh Toni | Guru Nanak Tent, Rupnagar | 50,000 |
| 21 | S. Jasbir Singh | Vancouvre (Canada) | 50,000 |
| 22 | Smt. Damyanti Saini | Bhopal | 50,100 |
| 23 | Sh. Ajit Saini | North Carollina (USA) | 30,100 |
| 24 | S. Sher Singh | Rupnagar | 25,000 |
| 25 | Sh. Satish Saini | Bela Rupnagar | 15,000 |




## ਸਾਲ 2017-18 ਵਿੱਚ ਦਿੱਤੇ ਜਾਣ ਵਾਲੇ ਕੈਜ਼ੂਅਲ ਵਜ਼ੀਫਿਆਂ ਦੇ ਦਾਨੀ ਸੱਜਣ

ਅਮਰਜੀਤ ਸਿੰਘ
ਸੈਣੀ ਭਵਨ, ਰੂਪਨਗਰ

| | |
|---|---|
| 1. ਸ. ਅਮਰੀਕ ਸਿੰਘ ਰਿਟਾ. ਅਸਿਸਟੈਂਟ ਐਕਸੀਅਨ, ਰਣਜੀਤ ਐਵੇਨਿਊ ਰੂਪਨਗਰ | 6000 / |
| 2. ਸ. ਸਰਵਜੀਤ ਸਿੰਘ ਪੁੱਤਰ ਸ. ਬਲਦੇਵ ਸਿੰਘ ਚਮਕ, ਆਸਥਾ ਇਨਕਲੇਵ,ਮੁੰਡੀ ਖਰੜ | 12000/ |
| 3. ਸ. ਹਰਬੰਸ ਸਿੰਘ (ਯੂ.ਐਸ.ਏ.) ਮਲਹੋਤਰਾ ਕਾਲੋਨੀ ਰੂਪਨਗਰ | 6000/ |
| 4. ਸ. ਜਗੀਰ ਸਿੰਘ ਰਿਟਾ. ਸਬ ਇੰਸਪੈਕਟਰ.,ਗਿ. ਜ਼ੈ. ਸਿੰ. ਨਗਰ ਰੂਪਨਗਰ | 2500/ |
| 5. ਸ. ਇਕਬਾਲ ਸਿੰਘ ਪੁੱਤਰ ਸ. ਬਲਬੀਰ ਸਿੰਘ ਸੈਣੀ, ਜ਼ੋਰਾਵਰ ਸਿੰਘ ਨਗਰ ਰੂਪਨਗਰ | 6000/ |
| 6 ਸ. ਨਵਤੇਜ ਸਿੰਘ ਪੁੱਤਰ ਸ. ਬਲਬੀਰ ਸਿੰਘ ਸੈਣੀ, ਜ਼ੋਰਾਵਰ ਸਿੰਘ ਨਗਰ ਰੂਪਨਗਰ | 6000/ |
| 7. ਸ. ਰਾਜਵਿੰਦਰ ਸਿੰਘ ਪੁੱਤਰ ਡਾ. ਅਜਮੇਰ ਸਿੰਘ, ਗੁਰੂ ਨਗਰ ਰੂਪਨਗਰ | 10000/ |
| 8. ਸ. ਸਤਨਾਮ ਸਿੰਘ ਸੱਤੀ, ਰਣਜੀਤ ਐਵੇਨਿਊ ਰੂਪਨਗਰ | 5000/ |
| 9. ਐਡਵੋਕੇਟ ਅਮਿੰਦਰਪ੍ਰੀਤ ਸਿੰਘ ਬਾਵਾ, ਰੂਪਨਗਰ | 5000/ |
| 10. ਸ. ਅਵਤਾਰ ਸਿੰਘ ਲੌਂਗੀਆ, ਗਿ. ਜ਼ੈ. ਸਿੰ. ਨਗਰ ਰੂਪਨਗਰ | 2500/ |
| 11. ਸ. ਗੁਰਸ਼ਰਨ ਸਿੰਘ, ਗੋਬਿੰਦ ਵੈਲੀ ਰੂਪਨਗਰ | 6000/ |
| 12. ਸ. ਟੇਕਪਾਲ ਸਿੰਘ ਪੁੱਤਰ ਸਵ. ਲੰਬੜਦਾਰ ਪ੍ਰੀਤਮ ਸਿੰਘ,ਫਰੀਦਾਬਾਦ | 10000/ |
| 13. ਰਜਿੰਦਰ ਸਿੰਘ ਨਨੂਆਂ, ਰਣਜੀਤ ਐਵੇਨਿਊ ਰੂਪਨਗਰ | 6000/ |
| 14. ਸ. ਗੁਰਚਰਨ ਸਿੰਘ ਸੈਣੀ, ਗਿ.ਜ਼ੈ. ਸਿੰ. ਨਗਰ ਰੂਪਨਗਰ | 5000/ |
| 15. ਸ਼੍ਰੀਮਤੀ ਕ੍ਰਿਪਾਲ ਕੌਰ ਪਤਨੀ ਸਵ. ਕੈਪ. ਸੀ.ਡੀ. ਸੈਣੀ ਰੂਪਨਗਰ | 5000/ |
| 16. ਸ਼੍ਰੀ ਅਮਿਤ ਸੈਣੀ ਪੁੱਤਰ ਸ਼੍ਰੀ ਰਾਜਿੰਦਰ ਸੈਣੀ ਗਿ.ਜ਼ੈ. ਸਿੰ. ਨਗਰ ਰੂਪਨਗਰ | 5000/ |
| 17. ਸ. ਹਰਦੀਪ ਸਿੰਘ, ਹਰਗੋਬਿੰਦ ਨਗਰ ਰੂਪਨਗਰ | 5000/ |
| 18. ਸ. ਕਮਲਜੀਤ ਸਿੰਘ, ਪੀ.ਈ.ਐੱਸ. (ਰਿਟਾ.), # 257, ਸ਼ਿਵਾਲਿਕ ਸਿਟੀ, ਖਰੜ | 6000/- |

## ਸੈਣੀ ਭਵਨ ਦੀ ਵਿਤੀ ਸਹਾਇਤਾ ਕਰਨ ਵਾਲੇ ਦਾਨੀ ਸੱਜਣ

| | |
|---|---|
| 1. ਬ੍ਰਿਗੇਡੀਅਰ ਬਲਵਿੰਦਰ ਸਿੰਘ, ਐਸ.ਐਮ. ਚੰਡੀਗੜ੍ਹ | 21000/ |
| 2. ਸ. ਸੁਖਵਿੰਦਰ ਸਿੰਘ, ਲੰਬੜਦਾਰ, ਪਪਰਾਲਾ (ਰੂਪਨਗਰ) | 11000/ |
| 3. ਸ਼੍ਰੀਮਤੀ ਮਾਧੁਰੀ ਸੈਣੀ ਪਤਨੀ ਸ.ਅਮਰਜੀਤ ਸਿੰਘ ਸੈਣੀ,ਗਿ.ਜ਼ੈ.ਸਿੰ.ਨਗਰ ਰੂਪਨਗਰ | 11000/ |
| 4. ਸ਼੍ਰੀਮਤੀ ਹਰਿੰਦਰ ਕੌਰ ਪਤਨੀ ਸਵ.ਵਰਿੰਦਰ ਚੌਧਰੀ (ਐਮ.ਸੀ.)ਆਦਰਸ਼ ਨਗਰ ਰੂਪਨਗਰ | 5100/ |
| 5. ਠੇਕੇਦਾਰ ਜਤਿੰਦਰ ਸਿੰਘ ਪੁੱਤਰ ਸਵ. ਗੁਰਦਾਸ ਸਿੰਘ, ਨਰਿੰਦਰ ਨਗਰ ਰੂਪਨਗਰ | 3100/ |
| 6. ਇੰਨਰਵੀਲ੍ਹ ਕਲੱਬ, ਰੂਪਨਗਰ | 2000/ |
| 7. ਇੰਨਰਵੀਲ੍ਹ ਕਲੱਬ (ਖੂਨਦਾਨ ਕੈਂਪ ਲਈ ) | 2000/ |
| 8. ਸ਼੍ਰੀਮਤੀ ਭਗਵੰਤ ਕੌਰ (ਰਿਟਾ. ਲੈਕਚਰਾਰ) ,ਰੂਪਨਗਰ | 500/ |
| 9. ਸ਼੍ਰੀਮਤੀ ਕੁਸ਼ੱਲਯਾ ਦੇਵੀ, ਰੂਪਨਗਰ | 500/ |



## FIVE YEAR MEMBERS OF "SAINI SANSAR"

Continued from page No. 23 of 26th Issue

**703. S. Bhagwan Singh**
Panchkulla

**704. S. Satpal Singh Patwari**
VPO Lassara

**705. S. Davinder Singh S/o Hardial Singh**
VPO Lassara

**706. S. Sukhwinder Singh**
# 5255, Gali No. 2, S.J.S. Nagar, Ropar

**707. S. Jaswant Singh**
# 5254, Gali No. 2, S.J.S. Nagar, Ropar

**708. S. Rajinder Singh Nanuan**
# 61, Ranjeet Avenue, Ropar

**709. S. Davinder Singh Jatana**
# 172, G.Z.S. Nagar, Ropar

**710. S. Jaswant Singh**
VPO. Kurali

**711. S. Harbans Singh S/o S. Karam Singh**
# 4828/10F, Guru Nagar, Ropar

**712. S. Balbir Singh S/o S. Teja Singh**
BE 54 A, Hari Nagar, New Delhi-64

**713. S. Shaminder Singh President**
VPO Bhakumajra, Distt. Ropar


**714. Smt. Jagdish Kaur**
W/o S. Gurdarshan Singh
OHIO, USA

**Compiled by :**
**Ajmer Singh Dhamrait**

## APPEAL

If your magazine subscription is due kindly deposit the amount in office by cash or in **Account No. 833562779, IFSC Code : IDIB000RO27, Indian Bank, Ropar**

**Annual Subscription - Rs. 100**
**5 Year Subscription - Rs. 500**



## New Life Members of "SAINI BHAWAN"

Compiled by : S. Gurcharan Singh

Continued from page no. 11 of 26th Issue



**506. Brig. Balwinder Singh S.M.**
S/o S. Harinder Singh
# 101, Sec. 11, Chandigarh



**507. S. Sukhwinder Singh**
S/o S. Hakam Singh
Guru Nanak Karyana Store,
Paprala, Rupnagar




**508. Smt. Harinder Kaur Saini**
W/o Sh. Varinder Chaudhary
H.No. 17, Adarsh Nagar, ,
Rupnagar




**509. Smt. Madhuri Saini**
W/o S. Amarjit Singh Saini
# 356, G.Z.S. Nagar,
Rupnagar



**510. Mrs. Gagandeep Kaur Saini**
W/o Advocate Amar Raj Saini
Near Lehri Shah Mandir
Rupnagar



**511. S. Harjinder Singh**
S/o S. Balbir Singh
# 1601, 35-B, Chandigarh



**512. Sh. Dhani Ram**
Under Secy. (Retd.)
S/o S. Sh. Munshi Ram
# 329, Phase - II, Mohali

## Become Life Member of Saini Bhawan Rupnagar

**For**

- Unity of Saini Bradari
- Welfare of Saini Bradari
- Helping the Needy
- Service to the Society & Humanity.

**Memership - Rs. 2500/- with free Magazine for five Years**



## ਗਜ਼ਲ

*ਕਰਮਜੀਤ ਸਿੰਘ
ਹੈਰਸਬਰਗ, (ਯੂ.ਐਸ.ਏ.)

ਵਾ ਵਰੋਲਿਆਂ ਦੇ ਵਾਂਗਰ
ਦੁਪਹਿਰਾਂ ਤਪਦੀਆਂ 'ਚ
ਕਦੇ ਪਰਵਾਜ਼ ਕਰਦਾ ਹਾਂ,
ਕਦੇ ਧਰਤ'ਚ ਆਣ ਗਰਕਦਾ ਹਾਂ।
ਭਾਵਨਾਵਾਂ ਦਾ ਦਰਿਆ
ਮਾਰੂਥਲਾਂ 'ਚ ਜਾ ਕੇ ਵਿਛੜਿਆ
ਸੀ ਵਿੱਚ ਜਿਹੜਾ ਰੱਤ ਦੇ
ਉਹ ਅੱਜ ਕਾਹਤੋਂ ਨਿੱਖੜਿਆ।
ਇਹੋ ਹਾਲ ਹੈ ਕੁੱਝ ਨਬਜ਼ ਦਾ
ਸਾਹਾਂ ਨੂੰ ਧੁਰ ਅੰਦਰ ਤੱਕ ਮਾਪਦੀ
ਤੇਜ਼ ਹੋ ਜਾਂਦੀ ਹੈ ਕਦੀ
ਰੁਕੀ ਜਿਹੀ ਵਧੇਰੇ ਮੈਨੂੰ ਜਾਪਦੀ।
ਆਉਂਦੀ ਨਾ ਆਵਾਜ਼ ਹੁਣ
ਮਿੱਠੇ ਕੌੜੇ ਬੋਲਾਂ ਦੀ
ਕਬਰਾਂ 'ਚ ਬੈਠਾ ਵੀ ਮੈਂ
ਦੁੱਖ ਸੁੱਖ ਫੋਲਾਂ ਕੀ।
ਕੋਸ਼ਿਸ਼ਾਂ ਤਾਂ ਫੇਰ ਵੀ
ਅਣਗਿਣਤ ਇਹ ਦਿਲ ਕਰੇਗਾ
ਨਾਂ ਤੇਰਾ ਲੈ ਕੇ 'ਜੀਤਾ'
ਹਰ ਪਲ ਹਰ ਸਾਹ ਮਰੇਗਾ।

---

ਸਮੇਂ ਦੀ ਕੋਝੀ ਚਾਲ ਨੂੰ,
ਮੈਂ ਸਮਝ ਹੀ ਨਾ ਸਕਿਆ।
ਲੱਖ ਯਤਨ ਕਰ ਵੇਖ ਲਏ,
ਕਾਲ ਦੇ ਪੁੜਾਂ 'ਚ ਫਸਿਆ।
ਭਾਵਨਾਵਾਂ ਦੇ ਸਮੁੰਦਰਾਂ ਨੂੰ
'ਜੀਤ' ਵਾਰ ਵਾਰ ਤਰਿਆ
ਪਾਣੀ ਮਾਰੂ ਪੱਤਣਾਂ ਦਾ
ਹਮੇਸ਼ਾ ਵਾਂਗ ਰਿਹਾ ਚੜ੍ਹਿਆ।
ਸਾਹਾਂ ਨਾਲ ਵੀ ਮੈਂ ਲੜਿਆ,
ਬਹਾਨਾ ਵੀ ਕੋਈ ਘੜਿਆ।

* ਲੇਖਕ ਪਿੰਡ ਲਸਾੜਾ (ਜ਼ਿਲ੍ਹਾ ਜਲੰਧਰ), ਦੇ ਸੈਣੀ ਪਰਿਵਾਰ ਨਾਲ ਸਬੰਧਿਤ ਹੈ ਜੋ ਪਰਿਵਾਰ ਸਮੇਤ ਅਮਰੀਕਾ ਵਿੱਚ ਜਾ ਵਸਿਆ ਹੈ।



## ਪਰਦੇਸੀ ਹੋਣਾ ਸੌਖਾ ਨਹੀਂ

*ਰਾਜੂ ਲਸਾੜਾ
ਲਸਾੜਾ (ਜਲੰਧਰ)

ਦਿਲ ਨੂੰ ਮਾਰਨਾ ਪੈਂਦਾ,
ਬਹੁਤ ਕੁੱਝ ਹਾਰਨਾ ਪੈਂਦਾ।
ਉਮੰਗਾਂ ਤੇ ਚਾਵਾਂ ਨੂੰ,
ਸੂਲੀ 'ਤੇ ਚਾੜ੍ਹਨਾ ਪੈਂਦਾ।
ਜਦੋਂ ਰੁਜ਼ਗਾਰ ਨਹੀਂ ਮਿਲਦੇ,
ਫੁੱਲ ਖੁਸ਼ੀਆਂ ਦੇ ਨਹੀਂ ਖਿਲਦੇ।
ਖੁਸ਼ੀਆਂ ਨੂੰ ਪਾਉਣ ਦੀ ਖਾਤਿਰ,
ਹੀ ਸਭ ਕੁਝ ਵਾਰਨਾ ਪੈਂਦਾ।
ਜਿਨ੍ਹਾਂ ਬਿਨ ਪਲ ਨਹੀਂ ਸਰਦਾ,
ਵਿਛੋੜਾ ਦਿਲ ਨਹੀਂ ਜਰਦਾ।
ਉਨ੍ਹਾਂ ਸਭ ਰਿਸ਼ਤਿਆਂ ਖਾਤਿਰ,
ਹੀ ਸਭ ਕੁਝ ਵਾਰਨਾ ਪੈਂਦਾ।
ਕਿਵੇਂ ਉਤਾਰਾਂਗਾ ਕਰਜ਼ਾਂ ਨੂੰ,
ਪੂਰਾ ਕਰਦਾ ਹਾਂ ਫਰਜ਼ਾਂ ਨੂੰ।
ਦਿਲ ਪੱਥਰ ਬਣਾ ਕੇ ਹੀ,
ਟੀਚਾ ਇੱਕ ਧਾਰਨਾ ਪੈਂਦਾ।
ਦੁਆਵਾਂ ਕਰੋ ਪ੍ਰਦੇਸੀਆਂ ਲਈ,
ਵਤਨੋਂ ਦੂਰ ਦੇਸੀਆਂ ਲਈ,
ਖੁਸ਼ੀ ਪਾਉਣ ਦੀ ਖਾਤਿਰ,
ਮਹਿੰਗਾ ਮੁੱਲ ਤਾਰਨਾ ਪੈਂਦਾ।
ਦਿਲ ਨੂੰ ਮਾਰਨਾ ਪੈਂਦਾ।
ਬਹੁਤ ਕੁੱਝ ਹਾਰਨਾ ਪੈਂਦਾ।

❊ ❊ ❊ ❊ ❊

## ਭਾਰਤੀ ਨੇਤਾਵਾਂ ਲਈ ਮਿਸਾਲ

ਕੈਨੇਡਾ ਵਿੱਚ ਕੈਲੇਗਰੀ ਤੋਂ ਸੰਸਦ ਮੈਂਬਰ ਸ. ਦਰਸ਼ਨ ਸਿੰਘ ਕੰਗ ਵਿਰੁੱਧ ਜਿਉਂ ਹੀ ਔਰਤਾਂ ਦੀ ਜਿਨਸੀ ਛੇੜਛਾੜ ਦਾ ਦੋਸ਼ ਲੱਗਾ, ਉਸ ਨੇ ਆਪਣੀ ਲਿਬਰਲ ਪਾਰਟੀ ਤੋਂ ਅਸਤੀਫ਼ਾ ਦੇ ਕੇ ਖੁਦ ਹੀ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਭਾਰਤੀ ਰਾਜਨੀਤਿਕ ਨੇਤਾਵਾਂ ਨੂੰ ਇਸ ਤੋਂ ਸਬਕ ਲੈਣਾ ਚਾਹੀਦਾ ਹੈ ਜੋ ਕਿ ਆਪਣੇ ਵਿਰੁੱਧ ਨੌਜਵਾਨ ਔਰਤਾਂ ਨਾਲ ਜਬਰ ਜਨਾਹ ਦੇ ਦੋਸ਼ ਸਿੱਧ ਹੋਣ ਉਪਰੰਤ ਵੀ ਬੜੀ ਢੀਠਤਾਈ ਨਾਲ ਕੁਰਸੀਆਂ ਨੂੰ ਚੰਬੜੀ ਬੈਠੇ ਰਹਿੰਦੇ ਹਨ। ਹੁਣੇ ਹੁਣੇ ਇਨ੍ਹਾਂ ਨੇਤਾਵਾਂ ਦਾ ਆਕਾ ਅਜਿਹੀ ਕਰਤੂਤ ਕਾਰਨ ਜੇਲ੍ਹ ਦੀ ਹਵਾ ਖਾ ਰਿਹਾ ਹੈ ਪ੍ਰੰਤੂ ਇਹ ਅਜੇ ਵੀ ਉਸ ਦੇ ਸਮਰਥਕ ਬਣੇ ਬੈਠੇ ਹਨ।



## ਪੰਜਾਬੀ ਵਿਗਿਆਨੀ - ਪ੍ਰੋ. ਯਸ਼ ਪਾਲ ਦਾ ਵਿਛੋੜਾ

ਭਗਵਾਨ ਸਿੰਘ
ਪੰਚਕੂਲਾ

ਉੱਘੇ ਵਿਗਿਆਨੀ, ਸਿੱਖਿਆ-ਸ਼ਾਸਤ੍ਰੀ, ਨੀਤੀਘਾੜੇ, ਪ੍ਰਸ਼ਾਸਕ, ਵਿੱਦਿਆਦਾਨੀ ਤੇ ਤਰਕਸ਼ੀਲ ਸਖ਼ਸ਼ੀਅਤ ਪ੍ਰੋ. ਯਸ਼ ਪਾਲ 24 ਜੁਲਾਈ, 2017 ਨੂੰ ਇਸ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਨ੍ਹਾਂ ਦਾ ਜਨਮ 26 ਨਵੰਬਰ, 1926 ਨੂੰ ਅਣਵੰਡੇ ਪੰਜਾਬ ਦੇ ਝੰਗ ਵਿਖੇ ਹੋਇਆ। ਉਨ੍ਹਾਂ ਨੇ ਸਕੂਲ ਅਤੇ ਕਾਲਜ ਸਿੱਖਿਆ ਲਾਹੌਰ ਤੋਂ ਅਤੇ ਐੱਮ.ਐੱਸ.ਸੀ.(ਫਿਜ਼ਿਕਸ) ਪੰਜਾਬ ਯੂਨੀਵਰਸਿਟੀ ਤੋਂ 1949 ਵਿੱਚ ਹਾਸਲ ਕੀਤੀ।ਇਸ ਲਈ ਕੁੱਝ ਸਮਾਂ ਹੁਸ਼ਿਆਰਪੁਰ ਸ਼ਹਿਰ ਵਿੱਚ ਵੀ ਰਹੇ।ਦੇਸ਼ ਵੰਡ ਤੋਂ ਬਾਅਦ ਉਨ੍ਹਾਂ ਦੇ ਮਾਂ-ਬਾਪ ਭਾਵੇਂ ਕੈਥਲ ਵਿੱਚ ਆ ਕੇ ਵਸ ਗਏ ਪਰੰਤੂ ਯਸ਼ ਪਾਲ ਪੰਜਾਬ ਨਾਲ ਵੱਧ ਜੁੜੇ ਰਹੇ।ਉਨ੍ਹਾਂ ਨੇ ਹਮੇਸ਼ਾਂ ਇੱਕ ਕੰਮਕਾਜੀ ਬੰਦੇ ਵਾਂਗ ਵਿਚਰਨ ਨੂੰ ਤਰਜੀਹ ਦਿੱਤੀ।ਉਹ ਹਰਫ਼ਨਮੌਲਾ ਲਾਜਵਾਬ ਇਨਸਾਨ ਸਨ।

ਉਨ੍ਹਾਂ ਨੇ ਆਪਣਾ ਕਰੀਅਰ 'ਟਾਟਾ ਇੰਸਟੀਚਿਊਟ ਆਫ਼ ਫੰਡਾਮੈਂਟਲ ਰਿਸਰਚ'(ਟੀ.ਆਈ.ਐਫ.ਆਰ.)ਬੰਬਈ ਤੋਂ ਕਾਸਮਿਕ ਰੇਅ ਗਰੁੱਪ ਦੇ ਮੈਂਬਰ ਵਜੋਂ ਸ਼ੁਰੂ ਕੀਤਾ।ਇੱਥੋਂ ਹੀ ਉਹ Massachusetts Institute Of Technology ਤੋਂ ਪੀ.ਐਚ.ਡੀ. ਕਰਨ ਲਈ ਬੋਸਟਨ(ਯੂ.ਐਸ.ਏ.) ਚਲੇ ਗਏ ਅਤੇ ਡਿਗਰੀ ਹਾਸਲ ਕਰਨ ਉਪਰੰਤ ਆਪਣੇ ਪਹਿਲੇ ਸਥਾਨ 'ਤੇ ਵਾਪਸ ਆ ਗਏ, ਜਿੱਥੇ ਉਹ 1983 ਤੱਕ ਰਹੇ।ਇਸ ਦੌਰਾਨ ਹੀ ਆਪ ਦੀ ਲਿਆਕਤ ਨੂੰ ਵੇਖਦਿਆਂ ਭਾਰਤ ਸਰਕਾਰ ਨੇ 1973 ਵਿੱਚ ਨਵੇਂ ਬਣੇ 'ਸਪੇਸ ਐਪਲੀਕੇਸ਼ਨ ਸੈਂਟਰ' ਅਹਿਮਦਾਬਾਦ ਦਾ ਪਹਿਲਾ ਡਾਇਰੈਕਟਰ ਨਿਯੁਕਤ ਕਰ ਦਿੱਤਾ।ਆਪ ਵਿਗਿਆਨੀ ਹੋਣ ਦੇ ਨਾਲ ਨਾਲ ਇੱਕ ਯੋਗ ਪ੍ਰਬੰਧਕ ਅਤੇ ਵਕਤਾ ਵੀ ਸਨ।ਇਸ ਲਈ ਆਪ ਨੂੰ 1981-1982 ਵਿੱਚ ਦੂਜੀ 'ਯੂਨਾਈਟਡ ਨੇਸ਼ਨਜ਼ ਕਾਂਸਫਰੰਸ ਆਨ ਪੀਸਫੁੱਲ ਯੂਜ਼ਜ਼ ਆਫ਼ ਆਊਟਰ ਸਪੇਸ' ਦਾ ਸਕੱਤਰ ਜਨਰਲ ਨਿਯੁਕਤ ਕੀਤਾ ਗਿਆ।ਆਪ ਸੰਨ 1983-1984 ਵਿੱਚ ਪਲਾਨਿੰਗ ਕਮਿਸ਼ਨ ਦੇ ਚੀਫ਼ ਕੰਸਲਟੈਂਟ, 1984-1986 ਵਿੱਚ 'ਡਿਪਾਰਟਮੈਂਟ ਆਫ਼ ਸਾਇੰਸ ਐਂਡ ਟੈਕਨਾਲੋਜੀ' ਦੇ ਸਕੱਤਰ, 1986-1991 ਵਿੱਚ ਯੂਨੀਵਰਸਿਟੀ ਗਰਾਂਟਸ ਕਮਿਸ਼ਨ(ਯੂ.ਜੀ.ਸੀ.) ਦੇ ਚੈਅਰਮੈਂਨ ਰਹੇ।ਆਪ ਨੇ ਯੂ.ਜੀ.ਸੀ. ਦੇ ਚੇਅਰਮੈਨ ਹੋਣ ਸਮੇਂ ਜਾਹਲੀ ਯੂਨੀਵਰਸਿਟੀਆਂ ਵਿਰੁੱਧ ਮੁਹਿੰਮ ਛੇੜੀ ਅਤੇ ਛੱਤੀਸਗੜ੍ਹ ਦੀਆਂ 112 ਪ੍ਰਾਈਵੇਟ ਯੂਨੀਵਰਸਿਟੀਆਂ ਬੰਦ ਕਰਾਉਣ ਵਿੱਚ ਸਫ਼ਲਤਾ ਹਾਸਲ ਕੀਤੀ।ਪ੍ਰੋ.ਯਸ਼ ਪਾਲ ਯੂਨਾਈਟਡ ਨੇਸ਼ਨਜ਼ ਅਤੇ ਭਾਰਤ ਦੀਆਂ ਦਰਜਨਾਂ ਵਿਗਿਆਨ ਤੇ ਟੈਕਨਾਲੋਜੀ ਸੰਸਥਾਵਾਂ ਦੇ ਸਲਾਹਕਾਰ ਸਨ।ਉਹ 2007-12 ਦੌਰਾਨ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਚਾਂਸਲਰ ਰਹੇ।

ਆਪ ਦਾ ਸਕੂਲ ਸਿੱਖਿਆ ਅਤੇ ਉੱਚ-ਸਿੱਖਿਆ ਦੇ ਖੇਤਰ ਵਿੱਚ ਸ਼ਲਾਘਾਯੋਗ ਯੋਗਦਾਨ ਹੈ।ਪ੍ਰੋ.ਯਸ਼ ਪਾਲ ਦਾ ਇਹ ਖ਼ਾਸਾ ਸੀ ਕਿ ਜੋ ਵੀ ਕੰਮ ਉਨ੍ਹਾਂ ਨੂੰ ਸੌਂਪਿਆ ਗਿਆ ਉਸ ਨੂੰ ਉਨ੍ਹਾਂ ਨੇ ਪੂਰੀ ਲਗਨ ਨਾਲ ਨਿਭਾਇਆ ਅਤੇ ਉਮੀਦ ਨਾਲੋਂ ਵਧੀਆ ਨਤੀਜੇ ਵਿਖਾਏ। ਭਾਰਤ ਸਰਕਾਰ ਨੇ 1993 ਵਿੱਚ ਆਪ ਨੂੰ ਸਕੂਲ ਸਿੱਖਿਆ ਵਿੱਚ ਸੁਧਾਰ ਲਿਆਉਣ ਲਈ ਬਣਾਈ 'ਨੈਸ਼ਨਲ ਐਡਵਾਈਜ਼ਰੀ ਕਮੇਟੀ' ਦਾ ਚੇਅਰਮੈਨ ਨਿਯੁਕਤ ਕੀਤਾ।



ਆਪ ਨੇ ਆਪਣੀ ਰਿਪੋਰਟ, 'ਲਰਨਿੰਗ ਵਿਧਆਊਟ ਬਰਡਨ' ਵਿੱਚ ਬਹੁਤ ਹੀ ਕੀਮਤੀ ਸੁਝਾ ਦਿੱਤੇ ਜਿਸ ਦੇ ਆਧਾਰ 'ਤੇ ਐੱਨ.ਸੀ.ਈ.ਆਰ.ਟੀ. ਨੇ 'ਨੈਸ਼ਨਲ ਕੁਰੀਕਲਮ ਫਰੇਮ ਵਰਕ' ਤਿਆਰ ਕੀਤਾ।ਆਪ ਨੇ ਉੱਚ-ਸਿੱਖਿਆ ਸਬੰਧੀ ਭਾਰਤ ਸਰਕਾਰ ਨੂੰ, "ਰੈਨੋਵੇਸ਼ਨ ਐਂਡ ਰੀਯੂਵੀਨੇਸ਼ਨ ਆਫ਼ ਹਾਇਰ ਐਜੂਕੇਸ਼ਨ ਇੰਨ ਇੰਡੀਆ' ਨਾਮ ਦੀ ਰਿਪੋਰਟ ਵੀ ਭੇਜੀ।ਆਪ ਨੇ ਵਿਗਿਆਨ ਨੂੰ ਹਰਮਨਪਿਆਰਾ ਬਣਾਉਣ ਅਤੇ ਇਸ ਪ੍ਰਤੀ ਸੂਝ-ਬੂਝ ਵਧਾਉਣ ਲਈ ਵਿਸ਼ੇਸ਼ ਯਤਨ ਕੀਤੇ।ਇਹ ਕਰਨ ਲਈ ਉਨ੍ਹਾਂ ਨੇ ਭਾਰੀ ਭਰਕਲ ਸ਼ਬਦਾਵਲੀ ਦੀ ਬਿਜਾਏ ਆਮ ਆਦਮੀ ਦੀ ਭਾਸ਼ਾ ਦੀ ਵਰਤੋਂ ਕੀਤੀ।ਉਹ ਪੇਚੀਦਾ ਸਿਧਾਂਤਾਂ ਨੂੰ ਸਰਲ ਭਾਸ਼ਾ ਵਿੱਚ ਸਮਝਾਉਣ ਦੇ ਮਾਹਰ ਸਨ।ਇਸ ਕਾਰਨ ਹੀ ਉਨ੍ਹਾਂ ਦਾ ਦੂਰਦਰਸ਼ਨ 'ਤੇ ਪ੍ਰੋਗਰਾਮ,'ਟਰਨਿੰਗ ਪੁਆਇੰਟ' ਬਹੁਤ ਮਕਬੂਲ ਹੋਇਆ।ਆਪ ਨੇ ਸਾਇੰਸ ਦੇ ਖੇਤਰ ਵਿੱਚ ਭਾਰਤ ਦੇ ਯੋਗਦਾਨ ਸਬੰਧੀ ਟੈਲੀਵਿਜਨ 'ਤੇ ਪ੍ਰੋਗਰਾਮ,'ਭਾਰਤ ਕੀ ਛਾਪ' ਵੀ ਸਫਲਤਾ ਪੂਰਬਕ ਪੇਸ਼ ਕੀਤਾ।ਆਪ ਅੰਗਰੇਜ਼ੀ ਦੀ ਅਖਬਾਰ,' ਦ ਟ੍ਰਿਬਿਊਨ' ਰਾਹੀਂ ਵੀ ਵਿਗਿਆਨ ਦੇ ਕਠਿਨ ਪ੍ਰਸ਼ਨਾਂ ਦੇ ਉੱਤਰ ਬੜੀ ਸੌਖੀ ਭਾਸ਼ਾ ਵਿੱਚ ਦਿੰਦੇ ਸਨ।ਵਿਚਾਰਾਂ ਪੱਖੋਂ ਉਹ ਤਰਕਸ਼ੀਲ ਸਨ ਅਤੇ ਜੋਤਿਸ਼ ਦੀਆਂ ਭਵਿੱਖਬਾਣੀਆਂ ਦੇ ਸਖ਼ਤ ਵਿਰੋਧੀ ਸਨ।

ਪ੍ਰੋ. ਯਸ਼ਪਾਲ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਅਤੇ ਯੋਗਦਾਨਾਂ ਸਦਕਾ 1976 ਵਿੱਚ 'ਪਦਮ ਭੂਸ਼ਨ', 1980 ਵਿੱਚ ਪ੍ਰੈਸਟੀਜਿਅਸ 'ਮਾਰਕੋਨੀ ਫੈਲੋਸ਼ਿਪ', 2000 ਵਿੱਚ 'ਇੰਦਰਾ ਗਾਂਧੀ ਪ੍ਰਾਈਜ਼ ਫਾਰ ਦ ਪਾਪੂਲਰਾਈਜ਼ੇਸ਼ਨ ਆਫ਼ ਸਾਇੰਸ', 2006 ਵਿੱਚ 'ਮੇਘਨਾਦ ਸਾਹਾ ਮੈਡਲ', 2009 ਵਿੱਚ ਯੂਨੇਸਕੋ ਦਾ 'ਕਲਿੰਗਾ ਪੁਰਸਕਾਰ' ਅਤੇ 2011 ਵਿੱਚੇ 2013 ਵਿੱਚ 'ਪਦਮ ਵਿਭੂਸ਼ਨ' ਸਨਮਾਨ ਪ੍ਰਾਪਤ ਹੋਇਆ।

# SATNAM SINGH : One in a Billion


Dr. Manavpreet Kaur
Dellas (USA)



Indians in America have earned accolades in various fields. They are well-respected by Americans because of these accomplishments. With basketball player Satnam Singh's selection in a well-established basketball team, Dallas Mavericks, India has put first few steps in the field of sports. The twenty one year old Singh is the first native of India to be accepted by the NBA (National Basketball Association).

The 7 feet 2 inches tall player has accomplished many feats at such a young age. His journey from the village Ballo Ke (Ludhiana) to Dallas (U.S.A.) has been replete with trials and tribulations. As a child, he was very tall as compared to his friends, and even his father, Balbir Singh, who is 7 feet tall. It was one of Balbir Singh's friends who suggested him to put Satnam Singh's unusual height to good use. Hence, at age nine, Satnam Singh left his village to join a basketball academy in Ludhiana. This was a very difficult decision for a young village boy. At the academy, he worked very hard. In a few years, his talent and height helped him when he received a scholarship for IMG Academy, a famous sports training facility in Florida, U.S.A.

At IMG, before beginning his training as a player, Singh first had to first spend two years learning English since he could not comprehend his coach's instructions. After learning English, Singh was able to benefit from the training. His coach and team members at the academy admired his perseverance and his eagerness to learn. Coach John Mahoney praises him extensively, "He's in a minority of how hard he works as compared to anyone else." After concluding the training, Singh was selected by the NBA.



Even after numerous achievements, Singh is very humble and focused. He is clear about his responsibility as a player, which is to make basketball more popular. He thinks that he has opened the gate for young Indian sportsmen. Now other Indian basketball players can dream of entering NBA. Fame has not stopped Singh from living a quiet and simple life. He likes to stay at home, and cook his own meals since he has to be careful about his diet. He visits gurudwara every Sunday and freely interacts with the sangat.

Satnam Singh has a long journey ahead, and he will achieve success if he continues with his persistence. He has many admirers and supporters who have complete faith in his ability. This includes his coach Mahoney who claims about Singh, "He's determined to make it…he's going to make it.

Each individual creature on this beautiful planet is created by God to fulfil a particular role. we are all born with a divine fire in us. Our efforts should be to give wings to this fire and fill the world with the glow of its goodness.

-APJ Abdul Kalam

ਸਮੇਂ ਦਾ ਸੱਚ

# ਨਿੱਜ ਨੂੰ ਵਿਆਉਂਦੀ ਪੁੱਤ

ਡਾ. ਜਸਵੰਤ ਕੌਰ
ਰੂਪਨਗਰ



ਮੇਰੇ ਸਾਥੀ ਕਾਊਂਸਲਰ ਨੇ ਆਉਂਦਿਆਂ ਸਾਰ ਹੀ ਆਖਿਆ, ਮੈਡਮ ਜੀ ਅੱਜ ਜਿਹੜਾ ਦਿਲਚਸਪ ਕੇਸ ਸਾਡੇ ਕੋਲ ਆਉਣਾ ਹੈ, ਦੇਖਿਓ ਤੁਸੀਂ ਜ਼ਰਾ ਗੌਰ ਨਾਲ ਸੁਣਿਓ, ਅੱਜ ਪਾਰ ਨਬੇੜਾ ਕਰ ਦੇਣਾ।"

ਮੈਂ ਕਿਹਾ, "ਅੱਜ ਨਬੇੜਾ?"

"ਹਾਂ! ਅੱਜ ਉਨ੍ਹਾਂ ਦੀ ਅਖੀਰਲੀ ਮੀਟਿੰਗ ਹੈ। ਪਹਿਲੀਆਂ ਮੀਟਿੰਗਾਂ ਹਫਤੇ ਦੇ ਪਹਿਲੇ ਦਿਨੀਂ ਹੋ ਚੁੱਕੀਆਂ।"

ਸਾਡੇ, ਹਾਲ ਵਿਚ ਬੈਠਦਿਆਂ ਹੀ, ਪਹਿਲਾਂ ਲੜਕੇ ਵਾਲਿਆਂ ਨੂੰ ਬੁਲਾਇਆ ਗਿਆ। ਉਨ੍ਹਾਂ ਸਾਰੀ ਪਿਛਲੀ ਕਹਾਣੀ ਸੁਣਾ ਦਿੱਤੀ। ਬਜ਼ੁਰਗ ਜਿਸ ਦੇ ਹੱਥ ਕੰਬ ਰਹੇ ਸਨ, ਗੱਲ ਗੱਲ ਵਿੱਚ ਸ਼ਰਮਿੰਦਗੀ ਮਹਿਸੂਸ ਕਰ ਰਿਹਾ ਸੀ।ਚੰਗੇ ਵਿਚਾਰ ਦਾ ਮਾਲਕ ਅਤੇ ਚੰਗੀਆਂ ਨੌਕਰੀਆਂ ਵਿਚ ਰਹਿ ਚੁੱਕਾ ਸੀ। ਅੱਜ ਉਹ ਅੱਤ ਦਾ ਬੇਬੱਸ ਜਾਪ ਰਿਹਾ ਸੀ। ਮੁੜ ਮੁੜ ਸਾਡੇ ਅੱਗੇ ਹੱਥ ਜੋੜ ਰਿਹਾ ਸੀ। ਲੜਕਾ ਅਤੇ ਉਹ ਦੀ ਮਾਂ ਕੁਝ ਜ਼ਿਆਦਾ ਹੀ ਗੁੱਸੇ ਵਿਚ ਸਨ ਉਨ੍ਹਾਂ ਦਾ ਸਮਝੌਤੇ ਦੇ ਰਓਂ ਨਹੀਂ ਸੀ ਜਾਪ ਰਿਹਾ। ਸਭ ਦੀ ਸੁਣਾਈ ਕਰਕੇ ਅਸਾਂ ਲੜਕੀ ਨੂੰ ਬੁਲਾ ਲਿਆ। ਮੈਂ ਤਾਂ ਲੜਕੀ ਨੂੰ ਦੇਖਦਿਆਂ ਸਾਰ ਭੁੱਚਕੀ ਰਹਿ ਗਈ। ਪਤਲੀ ਛਮਕ-ਛੱਲੋ, ਲਾਲ ਚੂੜਾ ਜਿਸ ਉੱਤੇ ਅਜੋਕੇ ਰਿਵਾਜ ਮੁਤਾਬਕ ਆਪਣਾ ਅਤੇ ਆਪਣੇ ਪਤੀ ਦਾ ਨਾਂ ਬਣਵਾਇਆ ਹੋਇਆ। ਸਿਰ ਵਿੱਚ ਸੰਧੂਰ, ਮੱਥੇ ਤੇ ਬਿੰਦੀ, ਸੁਰਖੀ ਲਾਈ ਹੋਈ। ਗੱਲ ਕੀ ਨਵੀਆਂ ਵਿਆਹੀਆਂ ਵਾਲੀ ਪੂਰੀ ਫੱਬਤ। ਫਟਾਕ ਪਟਾਕ ਗੱਲਾਂ ਮਾਰੇ। ਮੈਂ ਸੱਮਸਿਆ ਬਾਰੇ ਪੁੱਛਿਆ ਤਾਂ ਕਹਿਣ ਲੱਗੀ, 'ਕੋਈ ਸਮੱਸਿਆ ਨਹੀਂ। ਮੈਂ ਤਾਂ ਅੱਜੇ ਜਾਣ ਲਈ ਤਿਆਰ ਹਾਂ। ਪਿਛਲੀਆਂ ਮੀਟਿੰਗਾਂ ਵਿੱਚ ਵੀ ਮੈਂ ਤਾਂ ਹਰ ਵਾਰੀ ਨਾਲ ਜਾਣ ਲਈ ਤਿਆਰ ਹੋ ਕੇ ਆਈ ਸਾਂ, ਪਰ ਇਨ੍ਹਾਂ ਨੂੰ ਪੁੱਛ ਲਓ।" ਉਹ ਐਨਾ ਜ਼ਿਆਦਾ ਬੋਲ ਰਹੀ ਸੀ ਤੇ ਹੱਸ ਹੱਸ ਗੱਲਾਂ ਕਰ ਰਹੀ ਸੀ ਕਿ ਬਿਲਕੁਲ ਨਹੀਂ ਸੀ ਲਗਦਾ ਕਿ ਇਨ੍ਹਾਂ ਦੇ ਘਰ ਪਰਿਵਾਰ ਵਿੱਚ ਕੋਈ ਝਗੜੇ ਵਾਲੀ ਗੱਲ ਹੈ।

"ਬੱਸ ਮੰਮੀ (ਸੱਸ) ਕਹਿੰਦੀ ਐ ਮੇਰੀਆਂ ਧੀਆਂ ਨੂੰ ਰੋਜ਼ ਫੋਨ ਕਰਿਆ ਕਰ। ਮੈਂ ਨੌਕਰੀ ਕਰਦੀ ਆਂ। ਮੈਂ ਹਰ ਹਫ਼ਤੇ ਘਰ ਵੀ ਨਹੀਂ ਜਾ ਸਕਦੀ ਨੌਕਰੀ ਦੂਰ ਸ਼ਹਿਰ ਵਿੱਚ ਹੈ।"

ਗੱਲ ਕੀ ਉਹਨੇ ਸਾਡੇ ਸਾਹਮਣੇ ਗੱਲਾਂ ਰਾਹੀ ਇਹ ਸਾਬਤ ਕਰ ਦਿੱਤਾ ਕਿ ਉਹ ਹਰ ਤਰ੍ਹਾਂ ਨਾਲ ਘਰ ਵਸਾਣ ਦੀ ਹਾਮੀ ਹੈ ਪਰ ਉਸ ਦੀ ਸੱਸ ਅਤੇ ਪਤੀ ਸਹਿਯੋਗ ਨਹੀਂ ਦਿੰਦੇ। ਸਹੁਰਾ ਬਹੁਤ ਚੰਗਾ ਹੈ।ਬਹੁਤ ਹੀ ਚੰਗਾ।

ਗੱਲਾਂ ਕੁਰੇਦਿਆਂ ਬਹੁਤ ਸਾਰੀਆਂ ਗੱਲਾਂ ਤੋਂ ਪਰਦੇ ਲੱਥੇ। ਲੜਕੀ ਨੇ ਇੰਟਰਨੈਟ ਰਾਹੀ ਆਪੇ ਵਰ ਲੱਭਿਆ ਸੀ। ਬਹੁਤ ਲੰਮਾ ਸਮਾਂ ਉਨ੍ਹਾਂ ਦੀ ਗੱਲਬਾਤ ਅਤੇ ਦੋਸਤੀ ਜਿਹਾ ਕੁਝ ਚਲਦਾ ਰਿਹਾ ਸੀ। ਫਿਰ ਉਹ ਵਿਆਹ ਕਰਨ ਲਈ ਲੜਕੇ ਨੂੰ ਮਜ਼ਬੂਰ ਕਰਨ ਲੱਗ ਪਈ ਸੀ। ਲੜਕੇ ਨੇ ਕਈ ਬਹਾਨੇ ਬਣਾ ਕੇ ਇਸ ਰਿਸ਼ਤੇ ਨੂੰ ਟਾਲਣਾ ਚਾਹਿਆ। ਲੜਕੀ ਨੇ ਆਪਣੀ ਬੜੀ ਨਣਦ ਰਾਹੀਂ ਬਾਕੀ ਘਰਦਿਆਂ ਨੂੰ ਤਿਆਰ ਕਰ ਲਿਆ। ਗਲਾਧੜ ਉਹ ਐਨੀ ਸੀ ਕਿ ਵਿਆਹ ਅਤੇ ਰਿਸ਼ਤੇ ਤੋਂ ਪਹਿਲਾਂ ਹੀ ਘਰ ਦੇ ਸਾਰੇ ਜੀਆਂ ਨਾਲ ਉਹਨੇ ਸੰਬੰਧ ਬਣਾ ਲਏ ਘਰ ਦੇ ਜੀਅ ਵਾਂਗ। ਸਹੁਰਿਆਂ ਵੱਲ ਦੇ ਪਾਸੇ ਸਭ ਨਾਲ ਪੱਕੀਆਂ ਪਕਾ ਕੇ ਫਿਰ ਆਪਣੇ ਮਾਂ ਬਾਪ ਨੂੰ ਬੜੀ ਖਾੜਕੂ ਬਣ ਕੇ ਰਿਸ਼ਤਾ ਕਰਨ ਦਾ ਹੁਕਮ ਦਿੱਤਾ। ਬਾਪ ਅਤੇ ਮਾਮੇ ਨੂੰ ਕਿਹਾ,

"ਤੁਸੀ ਲੜਕੇ ਦੇ ਘਰ ਜਾ ਕੇ ਕੋਈ ਪੁਛ-ਛਾਣ ਨਹੀਂ ਕਰਨੀ। ਲੱਡੂਆਂ ਦੇ ਡੱਬੇ ਲਿਜਾਇਓ, ਬੱਸ ਰਿਸ਼ਤਾ ਕਰਕੇ ਹੀ ਘਰ ਆਇਓ।"

ਲੜਕੇ ਦੇ ਭਰਾ ਨੇ ਤੇ ਬਾਪ ਨੇ ਫਿਰ ਵੀ ਆਪਣੇ ਬਾਰੇ ਸਾਰੀ ਜਾਣਕਾਰੀ ਦੇ ਦਿੱਤੀ। ਰਿਸ਼ਤਾ ਤਹਿ ਕਰਕੇ ਵਿਆਹ ਹੋ ਗਿਆ। ਵਿਆਹ ਦੇ ਪਹਿਲੇ ਦਿਨ ਹੀ ਨਣਦ ਅਤੇ ਨਣਦ ਦੀ ਬੇਟੀ ਨਾਲ ਇੱਟ ਖੜੱਕਾ ਸੁਰੂ ਹੋ ਗਿਆ। ਮੇਰਾ ਤੇਰਾ, ਮੇਰੇ ਕਪੜੇ, ਤੇਰੇ ਕਪੜੇ, ਲੈਣ ਦੇਣ। ਗਹਿਣੇ ਗੈਟੇ। ਪਤਾ ਨਹੀਂ ਕੀ-ਕੀ।

ਵਿਆਹ ਸਿਰਫ ਪਤੀ ਨਾਲ ਹੀ ਤਾਂ ਨਹੀਂ ਹੁੰਦਾ। ਨਾ ਹੀ ਵਿਆਹ ਸਿਰਫ ਲਾਲ ਚੂੜਾ ਅਤੇ ਲਹਿੰਗਾ-ਚੋਲੀ, ਲਾਲ ਦੁਪੱਟਾ ਹੀ ਹੁੰਦਾ। ਵਿਆਹ ਵਿੱਚ ਰਿਸ਼ਤੇ ਨਾਤੇ, ਮੋਹ, ਅਪਣੱਤ ਵੀ ਹੁੰਦੀ ਹੈ। ਵਿਆਹ ਦੂਜ-ਮੇਰ ਹੀ ਨਹੀ ਹੁੰਦਾ। ਕੁਰਬਾਨੀ, ਸਮੱਰਪਣ ਵੀ ਹੁੰਦਾ। ਕੁਝ ਦੇਣਾ ਕੁਝ ਲੈਣਾ ਵੀ ਹੁੰਦਾ। ਵਿਆਹ ਦੇ ਚਾਅ ਜੇ ਦੋ ਮਹੀਨਿਆ ਵਿੱਚ ਹੀ ਫਿੱਕੇ ਪੈ ਜਾਣ ਤਾਂ ਚੂੜੇ ਦਾ ਲਾਲ ਸੂਹਾ ਰੰਗ ਭਾਵੇ ਸਾਲਾਂ ਬੱਧੀ ਨਾ ਉੱਤਰੇ ਉਹਦਾ ਕੋਈ ਅਰਥ ਨਹੀਂ ਹੁੰਦਾ। ਸਮੱਸਿਆਵਾਂ, ਅਸਮਰਪਣ, ਆਪਸੀ ਅਸਹਿਯੋਗ ਘਰਦਿਆਂ ਦੇ ਮੱਥਿਆਂ ਦੀ ਸ਼ਿਕਨ ਵਿੱਚੋਂ ਦਿਸ ਰਿਹਾ ਸੀ। ਸੱਸ ਸਹੁਰੇ ਦੀਆਂ ਡੁੱਬਡੁਬਾਂ ਦੀਆਂ ਅੱਖਾਂ ਉਨ੍ਹਾਂ ਦੇ ਅੰਦਰਲੀ ਪੀੜ ਨੂੰ ਸੰਬੋਧਨ ਹੋ ਰਹੀਆਂ ਸਨ। ਮੰਮੀ ਮੇਰੀਆਂ ਵੰਗਾਂ ਅਤੇ ਲਹਿੰਗਾ ਭੇਜ ਦਿਓ। ਤਿੱਥ ਤਿਓਹਾਰ ਸ਼ੁਰੂ ਹੋ ਰਹੇ ਹਨ। ਕਰਵਾਚੌਥ ਆਉਣ ਵਾਲਾ ਮੈਂ ਹੁਣ ਨਾ ਪਹਿਨਿਆਂ ਕਦੋਂ ਪਹਿਨਾਂਗੀ? ਇਹੀ ਤਾਂ ਖਾਣ ਹੰਢਾਉਣ ਦੇ ਦਿਨ ਹਨ।

ਸਾਰੇ ਉਹਦੇ ਮੂੰਹ ਵਲ ਦੇਖ ਰਹੇ ਸਨ। ਰਿਸ਼ਤਾ ਟੁੱਟਣ ਦੇ ਮੋੜ ਤੇ ਹੈ। ਖਾਣ ਹੰਢਾਣ? ਕਿਸ ਲਈ? ਸੱਸ ਨਾਲ ਬੋਲ-ਚਾਲ ਵੀ ਨਹੀਂ। ਕੁੜੀਆਂ ਵੱਲ ਦੇਖਦੇ। ਭਾਣਜੀ ਨੂੰ ਜੱਫੀਆਂ ਪਾ ਕੇ ਮਿਲਦਾ ਪਤਾ ਨਹੀਂ ਕੀ-ਕੀ। ਪਤੀ ਮੋਬਾਈਲ ਤੋਂ, ਸਾਨੂੰ ਲੜਕੀ ਵਲੋਂ ਭੇਜੇ ਗਏ ਸ਼ੱਕ ਭਰੇ ਅਸ਼ਲੀਲ ਸੁਨੇਹੇ ਪੜ੍ਹਾਉਣ ਲੱਗਾ। ਉਹਦੀ ਕਰੋਧ ਅਤੇ ਗੁੱਸੇ


ਭਰੀ ਰਿਕਾਰਡਿੰਗ ਸੁਨਾਉਣ ਲੱਗਾ। ਕੁੜਮਣੀਆਂ ਆਪਸ ਵਿਚ ਗੁੱਸਾ ਅਤੇ ਕਰੋਧ ਉੱਗਲਦੀਆਂ ਉੱਚੀ-ਉੱਚੀ ਬੋਲ ਕੁਬੋਲ ਹੋਣ ਲੱਗੀਆਂ। ਸਾਨੂੰ ਸਮਝ ਨਾ ਆਵੇ ਕਿ ਰਿਸ਼ਤਾ ਟੁੱਟ ਰਿਹੈ ਕਿ ਜੁੜ ਰਿਹੈ। ਅਸੀਂ ਕਿਸ ਪਾਸੇ ਕੋਸ਼ਿਸ਼ ਕਰੀਏ। ਉਂਝ ਤਾਂ ਅਸੀਂ ਲੜਕੀ ਦੀ ਮਦਦ ਕਰਨੀ ਹੁੰਦੀ ਐ। ਉਹਦੇ ਉੱਤੇ ਹੋ ਰਹੇ ਤਸ਼ੱਦਦ ਜਾਂ ਲੜਾਈ ਝਗੜੇ ਤੋਂ ਉਹਦੀ ਧਿਰ ਬਣਨਾ ਹੁੰਦੈ ਪਰ ਜੇ ਤਲਵਾਰ ਹੀ ਮਿਆਨੋਂ ਬਾਹਰ ਹੋ ਕੇ ਜ਼ਖ਼ਮੀ ਕਰਨ ਨੂੰ ਘੁੰਮਦੀ ਫਿਰੇ ਤਾਂ ਮਿਆਨ ਵਿਚਾਰੀ ਕੀ ਕਰੇ।

ਇੰਨੀ ਵਿਰੋਧੀ ਗੱਲਬਾਤ ਅਤੇ ਵਿਵਹਾਰ ਤੋਂ ਬਾਅਦ ਉਹ ਲੜਕੀ ਝੱਟ ਹੀ ਹੱਸਦੀ ਹੱਸਦੀ ਸਹੁਰੇ ਘਰ ਵਿਚਲੇ ਅਖੌਤੀ ਲਗਾਓ ਅਪਣੱਤ ਅਤੇ ਘਰੇਲੂ ਫਿਕਰ ਦੀਆਂ ਗੱਲਾਂ ਕਰਨ ਲੱਗ ਪਈ। ਲੜਕਾ ਤੇ ਉਹਦੀ ਮਾਂ ਉਹਦੀਆਂ ਆਦਤਾਂ, ਸਪਾਟ ਲਹਿਜਾ ਅਤੇ ਮੂੰਹ ਫੱਟ ਹੋਣ ਤੋਂ ਬਹੁਤ ਦੁੱਖੀ ਸਨ। ਗੱਲ ਕਹਿਣ ਲੱਗਿਆਂ ਉਹਦਾ ਬੇ-ਲਿਹਾਜ ਸੁਭਾਅ ਸਾਰੇ ਟੱਬਰ ਦੀ ਸਮਸਿੱਆ ਬਣਿਆ ਹੋਇਆ ਸੀ। ਲੜਕੇ ਨੇ ਲੈਪਟਾਪ ਤੋਂ, ਲੜਕੀ ਦੁਆਰਾ ਲੜਕੇ ਦੇ ਦੋਸਤਾਂ ਨੂੰ ਭੇਜੇ ਹੋਏ ਵਾਹੀਆਤ ਸੁਨੇਹਿਆਂ ਦੀ ਰਿਕਾਰਡਿੰਗ ਦਿਖਾਈ ਤਾਂ ਅਸੀਂ ਮੂੰਹ ਵਿਚ ਉਂਗਲਾਂ ਪਾ ਕੇ ਬਹਿ ਗਏ।

ਲੜਕੇ ਦਾ ਬਾਪ ਇਕ ਬੈਠਕ ਹੋਰ ਲੈਣਾ ਚਾਹੁੰਦਾ ਸੀ। ਲੜਕੀ ਦੇ ਮਾਪਿਆਂ ਤੋਂ ਖਿਝ ਕੇ ਲੜਕੇ ਨੇ ਛੁਟਕਾਰੇ ਲਈ ਬਿਆਨ ਦੇਣੇ ਮੰਨ ਲਏ। ਲੜਕੀ ਦੇ ਬਾਪ ਦੇ ਹੱਥੋਂ ਗੱਲ ਨਿਕਲ ਚੁੱਕੀ ਸੀ। ਉਹ ਮਜਬੂਰੀ ਬੱਸ ਚੁੱਪ ਹੋ ਗਿਆ। ਪਰ ਚਾਹੁੰਦਾ ਸੀ ਕਿਸੇ ਤਰ੍ਹਾਂ ਉਸ ਦਾ ਖਹਿੜਾ ਛੁੱਟੇ ਜੇ ਕੁੜੀ ਨੂੰ ਸਹੁਰੇ ਲੈ ਜਾਣ।ਪਰ ਸ਼ੱਕ ਅਤੇ ਮਾਡਰਨ ਸੂਚਨਾ ਟੈਕਨਾਲੋਜੀ ਨੇ ਇਕ ਘਰ ਹੋਰ ਤੋੜ ਦਿੱਤਾ। ਜਦੋਂ ਮਾਂ ਪੁੱਤ ਨੇ ਹੱਥ ਜੋੜ ਦਿੱਤੇ ਸਾਡਾ ਖਹਿੜਾ ਛੁਡਾਓ? ਖਹਿੜਾ ਕਦੋਂ ਛੁਟੇਗਾ ਕੋਰਟ ਜਾਣੇ। ਲੜਕੀ ਐਨਾ ਕੁਝ ਹੋਣ ਤੇ ਵੀ ਤਲਾਕ ਨਹੀਂ ਚਾਹੁੰਦੀ, ਪਰ ਸਹੁਰੇ ਉਹ ਤੋਂ ਦੁਖੀ ਹੋਏ ਪਏ ਹਨ। ਦਿਮਾਗੀ ਪਰੇਸ਼ਾਨੀ ਨੇ ਉਨ੍ਹਾਂ ਦੇ ਘਰ ਦੀ ਸ਼ਾਂਤੀ ਭੰਗ ਕੀਤੀ ਹੋਈ ਸੀ। ਅੱਖਾਂ ਪੂੰਝਦੀ ਮੁੰਡੇ ਦੀ ਮਾਂ ਕਹਿ ਰਹੀ ਸੀ, "ਨਿੱਜ ਨੂੰ ਵਿਆਉਂਦੀ ਪੁੱਤ, ਇਹਦੇ ਨਾਲੋਂ ਆਪੇ ਸਾੜ ਲੈਂਦੀ ਹੱਥ। ਮਹੀਨਾ ਮਹੀਨਾ ਘਰ ਨੀ ਵੜਦੀ, ਨੌਕਰੀ ਦਾ ਬਹਾਨਾ ਬਣਾ ਕੇ ਹੁਣ ਵੀ ਤਾਂ ਕੀ ਸੁੱਖ ਐ ਇਹਦਾ ਸਾਨੂੰ। ਕੀ ਸੁੱਖ ਐ ਮੇਰੇ ਮੁੰਡੇ ਨੂੰ।" ਸ਼ਰੀਫ਼ ਬਾਪ ਕੰਬਦੇ ਹੱਥਾਂ ਵਿਚ ਸੋਟੀ ਫੜੀ ਭਰੀਆਂ ਅੱਖਾਂ ਨਾਲ ਸਿਰ ਝੁਕਾਈ ਬੈਠਾ ਸੀ।

❊ ❊ ❊ ❊ ❊

ਮੌਤ ਮੁਲਤਵੀ ਰਹੇਗੀ ਹਾਲੇ ਕੁੱਝ ਕੁ ਸਾਲ।
ਉਨ੍ਹਾਂ ਖੰਜਰ ਖੋਭਿਆ, ਏਸ ਮੁਹਾਰਤ ਨਾਲ।
ਖੁੱਦ ਸਰਕਾਰੀ ਮਾਲ ਨੂੰ, ਨੇਤਾ ਜੀ ਥੁੱਕ ਲਾਉਣ।
ਭੁੱਖੇ ਨੰਗਿਆਂ ਵਾਸਤੇ, ਥੁੱਕੀਂ ਵੜੇ ਪਕਾਉਣ।
-ਹਰਵਿੰਦਰ ਸਿੰਘ ਕਹਾਰਵਾਲਾ



## ਗੀਤ

ਬਲਬੀਰ ਸਿੰਘ ਸੈਣੀ
ਨੰਗਲ

ਧੱਕੇ ਨਾਲ ਬਣਾਉਣਾ ਜੇ, ਤਾਂ ਨਹੀਂ ਬਣਨਾ ਮੈਂ ਦੱਲਾ।
ਕਹਿ ਦਿਓ 'ਬਾਬਿਆਂ' ਨੂੰ, ਮੈਂ ਨਾ ਅਹਿਮਕ ਨਾ ਝੱਲਾ।

ਬਹੁਤ ਸਿਆਣੇ ਬਣ ਬਣ ਖੁਦ ਨੂੰ, ਰੱਬ ਦੇ ਨੇੜੇ ਕਹਿੰਦੇ।
ਭਗਵੇਂ, ਚਿੱਟੇ, ਭੇਖ ਬਣਾ ਕੇ, ਬੀਬੇ ਬਣ ਬਣ ਬਹਿੰਦੇ।
ਕਿਤੇ ਇਹ ਬਣ ਜਾਣ 'ਰਾਮ' ਕਦੇ ਤੇ ਕਿਤੇ ਇਹ ਬਣ ਜਾਣ 'ਅੱਲਾ'।
ਕਹਿ ਦਿਓ ਬਾਬਿਆਂ ਨੂੰ ----------------

ਫ਼ੀਮ,ਤੰਬਾਕੂ,ਭੰਗ ਤੇ ਦਾਰੂ, ਹਰ ਇੱਕ ਨਸ਼ਾ ਇਹ ਕਰਦੇ।
ਡੁੱਬੇ ਰਹਿਣ ਅੱਯਾਸ਼ੀ ਵਿੱਚ ਨਿੱਤ, ਆਸ਼ਕ ਜੋਰੂ ਜਰ ਦੇ।
ਮੂੰਹ ਵਿੱਚ ਰਾਮ, ਬਗਲ ਵਿੱਚ ਖੰਜਰ, ਗਲ਼ ਵਿੱਚ ਵੱਡਾ ਟੱਲਾ।
ਕਹਿ ਦਿਓ ਬਾਬਿਆਂ ਨੂੰ----------------

ਸਬਜ-ਬਾਗ ਦਿਖਾ ਕੇ ਪਲ ਵਿੱਚ, ਹੱਥ 'ਤੇ ਸਰੋਂ ਜਮਾਉਂਦੇ।
ਸ਼ਾਤਰ ਬਣ ਕੇ, ਹਰ ਕਿਸੇ ਨੂੰ ਗੱਲਾਂ ਵਿੱਚ ਭਰਮਾਉਂਦੇ।
ਨਾਲੇ ਦਿੰਦੇ ਹੁਕਮ ਕਿ ਅੰਦਰ ਭੇਜੋ ਕੱਲਾ ਕੱਲਾ।
ਕਹਿ ਦਿਓ ਬਾਬਿਆਂ ਨੂੰ --------------

ਸੋਚੋ, ਸਮਝੋ, ਜਾਣੋ 'ਸੈਣੀ' ਇਹਨਾਂ ਦੀ ਅਸਲੀਅਤ।
ਕਿੱਥੋਂ ਆਈ ਜੋ ਸਾਂਭੀ ਇਨ੍ਹਾਂ ਨੇ, ਜੱਗ-ਜਹਾਨ ਦੀ ਦੌਲਤ।
ਰਹਿਣ ਨਾ ਦੇਵਣ ਸਿਰ ਉੱਤੇ ਇਹ, ਸ਼ਰਮ-ਹਯਾ ਦਾ ਪੱਲਾ।
ਕਹਿ ਦਿਓ ਬਾਬਿਆਂ ਨੂੰ -------------------

❊ ❊ ❊ ❊ ❊

## ਵਧਾਈ

ਪ੍ਰਸਿੱਧ ਸਾਹਿਤਕਾਰ, ਮੈਗਜ਼ੀਨ 'ਸੈਣੀ ਸੰਸਾਰ' ਦੀ ਸੰਪਾਦਕੀ ਟੀਮ ਦੇ ਮੈਂਬਰ ਸ. ਬਲਬੀਰ ਸਿੰਘ ਸੈਣੀ (ਨੰਗਲ) ਨੂੰ ਹਰਿਆਣਾ ਪੰਜਾਬੀ ਸਾਹਿਤ ਅਕੈਡਮੀ ਨੇ 18 ਮਾਰਚ 2017 ਨੂੰ ਹਰਿਆਣਾ ਸਵਰਨ ਜਯੰਤੀ ਸਮਾਰੋਹ ਸਮੇਂ ਪੰਜਾਬੀ ਪੁਸਤਕ ਰਾਜ ਪੁਰਸਕਾਰ ਨਾਲ ਸਨਮਾਨਿਤ ਕੀਤਾ ਹੈ। ਇਸ ਵਿੱਚ ਸਨਮਾਨਪੱਤਰ ਦੇ ਨਾਲ 21000 ਰੁ: ਪ੍ਰਦਾਨ ਕੀਤੇ ਗਏ ਹਨ। ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ ਸ. ਬਲਬੀਰ ਸਿੰਘ ਸੈਣੀ ਨੂੰ ਲੱਖ-ਲੱਖ ਵਧਾਈ ਹੋਵੇ।

ਖੇਡ ਜਗਤ

# ਸਾਲ 2017 ਦੇ ਖੇਡ ਪੁਰਸਕਾਰ

ਕੁਲਦੀਪ ਸਿੰਘ
ਐੱਮ.ਪੀ.ਐੱਡ.
ਕੀਰਤਪੁਰ ਸਾਹਿਬ



ਹਰ ਸਾਲ ਖੇਡਾਂ ਵਿੱਚ ਵਰਨਣਯੋਗ ਮੱਲਾਂ ਮਾਰਨ ਵਾਲੇ ਦੇਸ਼ ਦੇ ਖਿਡਾਰੀਆਂ ਨੂੰ ਖੇਡ ਦਿਵਸ, (ਭਾਰਤ ਦੇ ਮਹਾਨ ਹਾਕੀ ਖਿਡਾਰੀ ਮੇਜਰ ਧਿਆਨ ਸਿੰਘ ਦੇ ਜਨਮ ਦਿਨ), 29 ਅਗਸਤ ਨੂੰ ਖੇਡ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਜਾਂਦਾ ਹੈ।ਇਹ ਰਸਮ ਭਾਰਤ ਦੇ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ।ਇਸ ਸਾਲ ਹੇਠ ਲਿਖੇ ਖਿਡਾਰੀ ਇਹ ਸਨਮਾਨ ਹਾਸਲ ਕਰਨ ਵਿੱਚ ਕਾਮਯਾਬ ਹੋਏ ਹਨ-

ਰਾਜੀਵ ਗਾਂਧੀ ਖੇਡ ਰਤਨ ਪੁਰਸਕਾਰ- ਇਹ ਭਾਰਤ ਵਿੱਚ ਖੇਡਾਂ ਦਾ ਸਭ ਤੋਂ ਵੱਡਾ ਪੁਰਸਕਾਰ ਹੈ।ਇਸ ਵਿੱਚ ਪ੍ਰਸ਼ੰਸਾ-ਪੱਤਰ ਦੇ ਨਾਲ 7.5 ਲੱਖ ਰੁਪਏ ਨਕਦ ਦਿੱਤੇ ਜਾਂਦੇ ਹਨ। ਇਹ ਦੋ ਖਿਡਾਰੀਆਂ ਨੂੰ ਦਿੱਤਾ ਗਿਆ ਹੈ- ਇੱਕ ਹਨ, ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਸਰਦਾਰ ਸਿੰਘ ਅਤੇ ਦੂਜੇ ਹਨ, ਰੀਓ ਓਲੰਪਿਕਸ (2016) ਦੇ ਸੋਨ-ਤਮਗਾ ਜੇਤੂ ਨੇਜ਼ਾ ਸੁਟਾਵਾ ਪੈਰਾਓਲੰਪੀਅਨ ਐਥਲੀਟ ਦੇਵੇਂਦਰ ਝਾਂਝੜੀਆ।

ਅਰਜੁਨ ਪੁਰਸਕਾਰ- ਇਸ ਵਿੱਚ ਪ੍ਰਸ਼ੰਸਾ-ਪੱਤਰ ਅਤੇ 5 ਲੱਖ ਰੁਪਏ ਨਕਦ ਦਿੱਤੇ ਜਾਂਦੇ ਹਨ।ਇਸ ਸਾਲ 17 ਖਿਡਾਰੀਆਂ ਨੂੰ ਇਸ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਹਨ- ਕ੍ਰਿਕਟਰ ਚੇਤੇਸ਼ਵਰ ਪੁਜਾਰਾ ਅਤੇ ਹਰਮਨਪ੍ਰੀਤ ਕੌਰ, ਰੀਓ ਓਲੰਪਿਕਸ ਦੇ ਉਚੀ ਛਾਲ ਮੁਕਾਬਲੇ ਵਿੱਚ ਕਾਂਸੀ ਤਮਗਾ ਜੇਤੂ ਵਰੁਣ ਸਿੰਘ ਭਾਟੀ, ਬਾਸਕਟਬਾਲ ਖਿਡਾਰੀ ਪ੍ਰਸ਼ਾਂਤੀ ਸਿੰਘ, ਗੌਲਫਰ ਐਸਐਸਪੀ ਚੌਰਸੀਆ, ਮਹਿਲਾ ਫੁੱਟਬਾਲਰ ਓਨਮ ਬੇਮਬੇਮ ਦੇਵੀ, ਟੇਬਲ ਟੇਨਿਸ ਖਿਡਾਰੀ ਸਾਕੇਤ ਮਿਨੈਨੀ, ਸੋਨ-ਤਮਗਾ ਜੇਤੂ ਪੈਰਾਓਲੰਪੀਅਨ ਅਥਲੀਟ ਮਰੀਅੱਪਨ ਥੰਗਾਵੇਲੂ, ਮਹਿਲਾ ਤੀਰਅੰਦਾਜ਼ ਵੀਜੇ ਸੁਰੇਖਾ, ਐਥਲੀਟ ਖੁਸ਼ਬੀਰ ਕੌਰ ਤੇ ਆਰੋਕੀਆ ਰਾਜੀਵ, ਹਾਕੀ ਖਿਡਾਰੀ ਐਸਵੀ ਸੁਨੀਲ, ਪਹਿਲਵਾਨ ਸੱਤਯਵਰਤ ਕਾਦੀਆਨ, ਟੇਬਲ ਟੈਨਿਸ ਖਿਡਾਰੀ ਐਂਥੋਨੀ ਅਮਲਰਾਜ, ਨਿਸ਼ਾਨੇਬਾਜ਼ ਪੀਐਨ ਪ੍ਰਕਾਸ਼, ਕਬੱਡੀ ਖਿਡਾਰੀ ਜਸਵੀਰ ਸਿੰਘ, ਮੁੱਕੇਬਾਜ਼ ਦੇਵੇਂਦਰੋ ਸਿੰਘ।

ਦਰੋਣਾਚਾਰੀਆ ਪੁਰਸਕਾਰ-_ਇਹ ਪੁਰਸਕਾਰ ਖੇਡ-ਕੋਚਾਂ ਨੂੰ ਦਿੱਤਾ ਜਾਂਦਾ ਹੈ ਜਿਸ ਵਿੱਚ 5 ਲੱਖ ਰੁਪਏ ਨਕਦ ਇਨਾਮ ਰਾਸ਼ੀ ਹੈ।ਇਸ ਸਾਲ ਇਹ ਐਵਾਰਡ ਡਾ. ਰਾਮਕ੍ਰਿਸ਼ਨਨ ਗਾਂਧੀ (ਐਥਲੈਟਿਕਸ) ਅਤੇ ਹੀਰਾ ਨੰਦ ਕਟਾਰੀਆ (ਕਬੱਡੀ) ਨੂੰ ਦਿੱਤਾ ਗਿਆ ਹੈ।

ਲਾਈਫਟਾਈਮ ਦਰੋਣਾਚਾਰੀਆ ਪੁਰਸਕਾਰ- ਇਹ ਪੁਰਸਕਾਰ, ਜੀਐਸਐਸਵੀ ਪ੍ਰਸਾਦ( ਬੈਡਮਿੰਟਨ), ਬ੍ਰਿਜ਼ਭੂਸ਼ਣ ਮੋਹੰਤੀ ( ਮੁੱਕੇਬਾਜ਼), ਪੀਏ ਰਫੇਲ (ਹਾਕੀ), ਸੰਜੇ ਚੱਕਰਵਰਤੀ ( ਨਿਸ਼ਾਨੇਬਾਜ਼) ਨੂੰ ਨਸੀਬ ਹੋਇਆ ਹੈ।

ਧਿਆਨ ਚੰਦ ਪੁਰਸਕਾਰ- ਇਹ ਐਵਾਰਡ ਹਾਸਲ ਕਰਨ ਵਾਲੇ ਹਨ- ਭੁਪਿੰਦਰ ਸਿੰਘ (ਐਥਲੈਟਿਕਸ), ਸਯਦ ਸ਼ਹਿਦ ਹਕੀਮ (ਫੁੱਟਬਾਲ) ਅਤੇ ਸੁਮਰਈ ਟੇਟੇ (ਹਾਕੀ)।

ਲਾਈਫਟਾਈਮ ਅਚੀਵਮੈਂਟ ਐਵਾਰਡ- ਅਸ਼ੋਕ ਅੱਬੇ ਅਤੇ ਸ੍ਰੀ ਵੇਦ ਪ੍ਰਕਾਸ਼।

ਤੇਨਜ਼ਿੰਗ ਨੌਰਗੇ ਬਹਾਦਰੀ ਪੁਰਸਕਾਰ- ਪਰਬਤਾਰੋਹੀ ਪ੍ਰੇਮ ਲਤਾ ਅਗਰਵਾਲ ਅਤੇ ਰੋਹਨ ਦੱਤਾਤ੍ਰੇਹਾ।

ਮੌਲਾਨਾ ਅਬੁਲ ਕਲਾਮ ਆਜ਼ਾਦ ਟਰਾਫ਼ੀ- ਪੰਜਾਬੀ ਯੂਨੀਵਰਸਿਟੀ ਪਟਿਆਲਾ।

ਕੌਮੀ ਖੇਡ ਹੌਸਲਾ-ਵਧਾਊ ਪੁਰਸਕਾਰ- ਕੇਂਦਰੀ ਵਿਦਿਆਲਾ ਸੰਗਠਨ, ਦ ਗੌਲਫ਼ ਫਾਊਂਡੇਸ਼ਨ ਅਤੇ ਦ ਰਿਲਾਇੰਸ ਫਾਊਨਡੇਸ਼ਨ।

❊ ❊ ❊ ❊ ❊

## ਭਾਰਤੀ ਖਿਡਾਰੀਆਂ ਨੂੰ ਵਧਾਈ

ਵਿਸ਼ਵ ਬੈਡਮਿੰਟਨ ਚੈਂਪੀਅਨਸ਼ਿਪ - ਗਲਾਸਗੋ ਵਿਖੇ ਅਗਸਤ 2017 ਵਿੱਚ ਆਯੋਜਿਤ ਵਿਸ਼ਵ ਬੈਡਮਿੰਟਨ ਵਿੱਚ ਓਲੰਪੀਅਨ ਚਾਂਦੀ ਤਮਗਾ ਜੇਤੂ ਪੀ ਵੀ ਸਿੰਧੂ ਨੇ ਸ਼ਾਨਦਾਰ ਬਰਾਬਰੀ ਦੀ ਖੇਡ ਖੇਡਦਿਆਂ ਚਾਂਦੀ-ਤਮਗਾ ਹਾਸਲ ਕਰਕੇ ਅਤੇ ਸਾਇਨਾ ਨੇਹਵਾਲ ਨੇ ਕਾਂਸੀ-ਤਮਗਾ ਜਿੱਤ ਕੇ ਇਤਿਹਾਸ ਸਿਰਜਿਆ ਹੈ।ਭਾਰਤ ਨੇ ਪਹਿਲੀ ਵੇਰ ਇੱਕ ਚੈਂਪੀਅਨਸ਼ਿਪ ਵਿੱਚ ਦੋ ਤਮਗੇ ਜਿੱਤੇ ਹਨ।ਭਾਰਤ ਨੇ ਇਸ ਤੋਂ ਪਹਿਲਾਂ ਵਿਸ਼ਵ ਚੈਂਪੀਅਨਸ਼ਿਪ ਵਿੱਚ ਇੱਕ ਚਾਂਦੀ ਅਤੇ ਚਾਰ ਕਾਂਸੀ ਤਮਗੇ ਜਿੱਤੇ ਹੋਏ ਹਨ।

ਪੀ.ਵੀ.ਸਿੰਧੂ- ਇਸ ਖਿਡਾਰਨ ਨੇ 17 ਸਤੰਬਰ 2017 ਨੂੰ ਸਿਓਲ ਵਿੱਚ ਆਯੋਜਿਤ ਕੋਰੀਆ ਓਪਨ ਸੁਪਰ ਸੀਰੀਜ਼ ਬੈਡਮਿੰਟਨ ਟੂਰਨਾਮੈਂਟ ਦਾ ਮਹਿਲਾ ਸਿੰਗਲ ਮੁਕਾਬਲਾ ਜਿੱਤ ਕੇ ਇਹ ਮੁਕਾਬਲਾ ਜਿੱਤਣ ਵਾਲੀ ਪਹਿਲੀ ਭਾਰਤੀ ਖਿਡਾਰਨ ਹੋਣ ਦਾ ਮਾਣ ਹਾਸਲ ਕੀਤਾ ਹੈ। ਉਸ ਨੇ ਵਿਸ਼ਵ ਚੈਂਪੀਅਨ ਵਿੱਚ ਉਸ ਨੂੰ ਫਾਈਨਲ ਵਿੱਚ ਹਰਾਉਣ ਵਾਲੀ ਜਾਪਾਨ ਦੀ ਨੋਜ਼ੋਮੀ ਓਕੂਹਾਰਾ ਨੂੰ ਸਖਤ ਮੁਕਾਬਲੇ ਵਿੱਚ ਚਿੱਤ ਕਰ ਕੇ ਆਪਣੀ ਹਾਰ ਦਾ ਬਦਲਾ ਲੈ ਲਿਆ ਹੈ।ਵਿਸ਼ਵ ਵਿੱਚ ਚੌਥੇ ਨੰਬਰ ਦੀ ਬੈਡਮਿੰਟਨ ਖਿਡਾਰਨ ਪੀ.ਵੀ. ਸਿੰਧੂ ਨੇ 2016 'ਚ ਚਾਈਨਾ ਸੁਪਰ ਸੀਰੀਜ਼ ਪ੍ਰੀਮੀਅਰ ਤੇ ਇੰਡੀਅਨ ਓਪਨ ਸੁਪਰ ਸੀਰੀਜ਼ ਜਿੱਤੀ ਸੀ। ਉਹ ਵਿਸ਼ਵ ਦੀ ਦੋ ਨੰਬਰ ਦੀ ਬੈਡਮਿੰਟਨ ਖਿਡਾਰਨ ਬਣ ਗਈ ਹੈ।

ਏਸ਼ੀਅਨ ਅਥਲੈਟਿਕਸ ਚੈਂਪੀਅਨਸ਼ਿਪ- ਭਾਰਤ ਦੇ

ਬਾਕੀ ਸਫਾ 29 ਤੇ.......

## ਭਾਵਭਿੰਨੀ ਸ਼ਰਧਾਂਜਲੀ


ਗੁਰਮੁਖ ਸਿੰਘ ਲੌਂਗੀਆ
ਰੂਪਨਗਰ

### ਪਦਮ ਵਿਭੂਸ਼ਣ ਅਰਜੁਣ ਸਿੰਘ



ਭਾਰਤੀ ਹਵਾਈ ਫ਼ੌਜ ਵਿੱਚ ਰਿਕਾਰਡ 32 ਸਾਲ ਤੱਕ ਸ਼ਾਨਦਾਰ ਸੇਵਾ ਨਿਭਾਉਣ ਉਪਰੰਤ ਮਾਰਸ਼ਲ ਆਫ਼ ਇੰਡੀਅਨ ਏਅਰ ਫੋਰਸ ਸ. ਅਰਜੁਨ ਸਿੰਘ 16 ਸਤੰਬਰ 2017 ਨੂੰ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ ਹਨ।ਉਹ 1965 ਦੀ ਇੰਡੋ-ਪਾਕਿ ਜੰਗ ਸਮੇਂ ਲੋਕਾਂ ਦੇ ਦਿਲਾਂ ਦੀ ਧੜਕਣ ਬਣ ਗਏ ਸਨ ਜਦੋਂ ਰਵਾਇਤੀ ਹਵਾਈ ਜਹਾਜ਼ਾਂ ਨਾਲ ਲੈਸ ਭਾਰਤੀ ਏਅਰ ਫੋਰਸ ਦੀ ਅਗਵਾਈ ਕਰਦਿਆਂ ਉਨ੍ਹਾਂ ਨੇ ਦੁਸ਼ਮਣ ਦੇ ਛੱਕੇ ਛੁੜਾ ਦਿੱਤੇ।ਉਹ ਇਕੱਲੇ ਹੀ ਅਜਿਹੇ ਅਫ਼ਸਰ ਹੋਏ ਹਨ ਜਿਨ੍ਹਾਂ ਨੂੰ 5-ਸਟਾਰ ਰੈਂਕ ਤੱਕ ਤਰੱਕੀ ਮਿਲੀ।ਉਹ 1964 ਵਿੱਚ ਕੇਵਲ 45 ਸਾਲ ਦੀ ਉਮਰ ਵਿੱਚ ਹੀ ਚੀਫ਼ ਆਫ਼ ਦ ਏਅਰ ਸਟਾਫ਼ ਬਣ ਗਏ ਅਤੇ ਰਿਕਾਰਡ ਪੰਜ ਸਾਲ ਇਸ ਅਹੁਦੇ 'ਤੇ ਰਹਿ ਕੇ 1970 ਵਿੱਚ 50 ਦੀ ਉਮਰ ਵਿੱਚ ਸੇਵਾਮੁਕਤੀ ਲੈ ਲਈ। ਲਾਇਲਪੁਰ (ਹੁਣ ਪਾਕਿਸਤਾਨ)ਦੇ ਪਿੰਡ ਕੋਹਾਲੀ ਵਿੱਚ 15 ਜੂਨ 1919 ਨੂੰ ਔਲਖ ਪਰਿਵਾਰ ਵਿੱਚ ਪਿਤਾ ਸ. ਕਿਸ਼ਨ ਸਿੰਘ ਅਤੇ ਮਾਤਾ ਕਰਤਾਰ ਕੌਰ ਦੇ ਘਰ ਜਨਮੇ ਅਰਜੁਣ ਸਿੰਘ ਨੇ ਭਾਰਤੀ ਹਵਾਈ ਫ਼ੌਜ ਵਿੱਚ ਉਹ ਕਾਰਨਾਵੇਂ ਕਰ ਕੇ ਦਿਖਾਏ ਜਿਨ੍ਹਾਂ 'ਤੇ ਸਦੀਆਂ ਤੱਕ ਮਾਣ ਕੀਤਾ ਜਾਵੇਗਾ।ਆਪ ਦੇ ਪਿਤਾ ਸ. ਇਨ੍ਹਾਂ ਦੇ ਦਾਦਾ ਸ. ਹੁਕਮ ਸਿੰਘ ਰਿਸਾਲਦਾਰ ਮੇਜੁਰ ਅਤੇ ਪੜਦਾਦਾਸ. ਸੁਲਤਾਨਾ ਸਿੰਘ ਨਾਇਬ ਰਸਾਲਦਾਰ ਰਹੇ ਸਨ।ਆਪ ਮੌਂਟਗੁਮਰੀ (ਪਾਕਿਸਤਾਨ) ਤੋਂ ਸਿੱਖਿਆ ਪ੍ਰਾਪਤ ਕਰ ਕੇ 1938 ਵਿੱਚ ਪ੍ਰੈਸਟੀਜੀਅਸ ਰਾਇਲ ਏਅਰ ਫੋਰਸ (ਆਰ ਏ ਐਫ਼) ਕਾਲਜ ਕਰਾਂਨਵੈੱਲ ਵਿੱਚ ਫਲਾਈਟ ਕੈਡਟ ਵਜੋਂ ਭਰਤੀ ਹੋ ਗਏ ਜਿੱਥੇ 1939 ਵਿੱਚ ਪਾਇਲਟ ਅਫ਼ਸਰ ਚੁਣ ਲਏ ਗਏ।ਸ. ਅਰਜੁਨ ਸਿੰਘ ਨੇ ਦੂਜੀ ਸੰਸਾਰ ਜੰਗ ਸਮੇਂ ਅਪਣੇ ਲੜਾਕੂ ਹਵਾਈ ਜਹਾਜ਼ ਨਾਲ ਦੁਸ਼ਮਣ ਫ਼ੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਦੇ ਤਬਾਹ ਕਰਨ ਦੇ ਉਹ ਜਲਬੇ ਦਿਖਾਏ ਕਿ ਅੰਗਰੇਜ਼ੀ ਸਰਕਾਰ ਨੇ ਉਨ੍ਹਾਂ ਨੂੰ ਡੀ.ਐੱਫ.ਸੀ.( ਡਿਸਟਿੰਗੁਇਸ਼ਡ ਫਲਾਈਂਗ ਕਰਾਸ) ਵਰਗੇ ਮਾਣਮੱਤੇ ਤਮਗਿਆਂ ਨਾਲ ਮਾਲੋਮਾਲ ਕਰ ਦਿੱਤਾ।ਆਪ ਨੇ ਨੌਕਰੀ ਦੌਰਾਨ 60 ਪ੍ਰਕਾਰ ਦੇ ਲੜਾਕੂ ਜਹਾਜ਼ ਉੜਾ ਕੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਆਪ ਨੇ ਆਜ਼ਾਦੀ ਦੇ ਪਹਿਲੇ ਸਮਾਗਮ 15 ਅਗਸਤ 1947 ਸਮੇਂ ਸਲਾਮੀ ਦੇਣ ਵਾਲੇ 100 ਹਵਾਈ ਜਹਾਜ਼ਾਂ ਦੀ ਅਗਵਾਈ ਕਰਕੇ ਵਾਹ ਵਾਹ ਖੱਟੀ।

ਆਜ਼ਾਦੀ ਤੋਂ ਬਾਅਦ ਭਾਰਤ ਸਰਕਾਰ ਨੇ 1965 ਵਿੱਚ ਆਪ ਨੂੰ ਸਭ ਤੋਂ ਵੱਡੇ ਪੁਰਸਕਾਰ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ।ਆਪ ਦੀ ਪ੍ਰਤਿਭਾ ਦੀ ਕਦਰ ਕਰਦਿਆਂ ਆਪ ਨੂੰ ਰਿਟਾਇਰ ਹੋਣ ਉਪਰੰਤ 1971 ਵਿੱਚ ਸਵਿਟਜ਼ਰਲੈਂਡ ਵਿੱਚ ਐਮਬੈਸੇਡਰ ਅਤੇ ਫਿਰ 1974 ਵਿੱਚ ਕੀਨੀਆਂ ਵਿੱਚ ਹਾਈ ਕਮਿਸ਼ਨਰ ਨਿਯੁਕਤ ਕੀਤਾ ਗਿਆ।ਆਪ 1975 ਤੋਂ 1981 ਤੱਕ ਨੈਸ਼ਨਲ ਕਮਿਸ਼ਨ ਫ਼ਾਰ ਮਨੋਇਰੀਟੀਜ਼ ਦੇ ਮੈਂਬਰ ਰਹੇ ਅਤੇ 1989 ਤੋਂ 1990 ਤੱਕ ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਰਹੇ। ਇਨ੍ਹਾਂ ਅਹੁਦਿਆਂ ਦੀਆਂ ਜ਼ਿੰਮੇਵਾਰੀਆਂ ਨੂੰ ਉਨ੍ਹਾਂ ਨੇ ਪੂਰੀ ਇਮਾਨਦਾਰੀ ਅਤੇ ਸਲੀਕੇ ਨਾਲ ਨਿਭਾਇਆ।



ਆਪ ਦੀ ਧਰਮ ਪਤਨੀ ਸ਼੍ਰੀਮਤੀ ਤੇਜੀ ਸਿੰਘ 2011 ਵਿੱਚ ਸਵਰਗਵਾਸ ਹੋ ਗਏ ਸਨ।ਆਪ ਦਾ ਇੱਕ ਹੀ ਬੇਟਾ ਅਰਵਿੰਦ ਸਿੰਘ ਹੈ ਜੋ ਯੂ.ਐਸ.ਏ ਦੇ ਆਰੀਜ਼ੋਨਾ ਸੂਬੇ ਵਿੱਚ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਹੈ ਅਤੇ ਇੱਕ ਪੁੱਤਰੀ ਆਸ਼ਾ ਸਿੰਘ ਹੈ ਜੋ ਦਿੱਲੀ ਰਹਿੰਦੀ ਹੈ।ਆਪ ਸੁਭਾ ਦੇ ਅਤਿ ਸਾਦੇ ਅਤੇ ਮਿਲਣਸਾਰ ਵਿਅਕਤੀ ਸਨ।ਇਸ ਜੰਗੀ ਨਾਇਕ ਨੂੰ ਸਦੀਆਂ ਤੱਕ ਯਾਦ ਰੱਖਿਆ ਜਾਵੇਗਾ।

❊ ❊ ❊ ❊ ❊

..ਸਫਾ 28 ਦੀ ਬਾਕੀ

ਅਥਲੀਟਾਂ ਨੇ ਜੁਲਾਈ 2017 ਵਿੱਚ ਭੁਵਨੇਸ਼ਵਰ ਵਿਖੇ ਆਯੋਜਿਤ ਏਸ਼ੀਅਨ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ 12 ਸੋਨ, 5 ਚਾਂਦੀ ਅਤੇ 12 ਕਾਂਸੀ ਤਮਗੇ ਜਿੱਤ ਕੇ ਇਤਿਹਾਸ ਸਿਰਜਿਆ ਹੈ।ਭਾਰਤ ਨੇ ਇਨ੍ਹਾਂ ਮੁਕਾਬਲਿਆਂ ਵਿੱਚ ਪਹਿਲੇ ਸਥਾਨ 'ਤੇ ਆ ਕੇ ਚੀਨ ਨੂੰ ਦੂਜੇ ਸਥਾਨ 'ਤੇ ਧੱਕ ਦਿੱਤਾ ਹੈ।

**ਮਹਿਲਾ ਵਿਸ਼ਵ ਕ੍ਰਿਕਟ ਕੱਪ-** ਇੰਗਲੈਂਡ ਵਿਖੇ ਖੇਡੇ ਗਏ ਮਹਿਲਾ ਵਿਸ਼ਵ ਕ੍ਰਿਕਟ ਕੱਪ ਵਿੱਚ ਭਾਰਤੀ ਲੜਕੀਆਂ ਨੇ ਦੂਜਾ ਸਥਾਨ ਹਾਸਲ ਕਰ ਕੇ ਭਾਰਤਵਾਸੀਆਂ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ। ਇਹ ਬਹੁਤ ਹੀ ਸੰਘਰਸ਼ਪੂਰਨ ਮੈਚ ਸੀ ਜਿਸ ਵਿੱਚ ਭਾਰਤੀ ਟੀਮ ਜਿੱਤ ਦੇ ਦਰਵਾਜ਼ੇ 'ਤੇ ਪਹੁੰਚ ਕੇ ਥਿੜਕ ਗਈ। ਇਸ ਸ਼ਾਨਦਾਰ ਕਾਰਗੁਜ਼ਾਰੀ ਵਿੱਚ ਪੰਜਾਬ ਦੀ ਖਿਡਾਰਨ ਹਰਮਨਪ੍ਰੀਤ ਕੌਰ ਦਾ ਵਿਸ਼ੇਸ਼ ਯੋਗਦਾਨ ਰਿਹਾ।

**ਬੈਡਮਿੰਟਨ ਖਿਡਾਰੀ ਕਿਦੰਬੀ ਸ਼੍ਰੀਕਾਂਤ-** ਇਸ ਖਿਡਾਰੀ ਨੇ ਅਸਟ੍ਰੇਲੀਅਨ ਓਪਨ ਜਿੱਤ ਕੇ ਇਤਿਹਾਸ ਸਿਰਜਿਆ ਹੈ। ਉਹ ਪਹਿਲਾ ਅਜਿਹਾ ਭਾਰਤੀ ਪੁਰਸ਼ ਬੈਡਮਿੰਟਨ ਖਿਡਾਰੀ ਬਣ ਗਿਆ ਹੈ। ਜਿਸ ਨੇ ਸੁਪਰਸੀਰੀਜ਼ ਪ੍ਰੀਮੀਅਰ, ਸੁਪਰਸੀਰੀਜ਼ ਅਤੇ ਗ੍ਰਾਂਡ ਪ੍ਰੀ ਗੋਲਡ ਜਿੱਤੇ ਹਨ।

## Immemorable Incident of My Life

Gp. Capt. Tejwant Singh (Retd.)
Gurugram

In April 1973, I was posted to a squadron at Chandigarh. One evening as part of a wartime simulation two of us, each flying a MiG-21, headed towards a valley in the Himalayan foothills, where the Sutlej flows into the Punjab plains. I was the leader of the formation, with Fit Lt T.M. Asthana, Flying abreast at 500 yards on my left. We were all set to attack the 'enemy'.

At a height of 300 meters' above the ground, heading north at a speed of 800 kilometers an hour, I turned to check the rear of Asthana's MiG-21 for 'enemy-aircraft', an air-combat strategy. Turning around, I spotted a vulture in front of me, barely 15 meters away; too close to avoid collision at that speed.

The last thing I remember before losing consciousness was the vulture turning its long neck as if to see what was behind it. When I came to, I was in a shallow dive, barely 150 meters' above the ground, flying at a speed of around 900 kilometers an hour, barely a second away from hitting the ground. I hurriedly took control of the craft and leveled off. Astonishingly, I was now facing south-somehow the aircraft had turned around. But that wasn't my only problem.

I had lost vision in my right eye and was not sure if it was still in the socket! The blast of air, viciously tearing through the half-shattered canopy left me in acute pain. With minimal vision in my left eye I could only decipher ground features from a lower height. My helmet visor was shattered as well and my oxygen mask dangled over my chest. I was shocked to find blood all over my chest. I knew I needed urgent medical care, but ejecting over the countryside was out of the question. Since the MiG-21 was otherwise 'flying-fit', I decided to head back to Chandigarh, following familiar ground features.

On reaching the airfield, I waggled my wings at the control tower to indicate RT (radio-telephone) failure, a standard procedure. I hoped they would inform all other aircraft to stay off the area. After two failed attempts at landing, the aircraft bounced off the runway almost 50 feet into the air before it finally touched down.



After stopping at the end of the runway, I removed clotted blood and feathers from the mouthpiece- microphone and called the tower for medical aid. Just then another MiG-21 came to a stop on my right. Sqn Ldr A.Y. Tipnis, who became the Air Chief Marshal later, jumped out with a startled look. Asthana had informed him and the control tower after seeing my aircraft pitch up without any warning. Calling off the simulated exercise, Tipnis headed back to keep an eye on me as I tried to land. Later in the hospital he asked, "How did you do that?"

I got 36 stiches around my right eye but regained my sight gradually. By the beginning of 1975, I was fit to fly MiG-21s once again. In April 1974, I was awarded the Shaurya Chakra by President V.V.Giri, for my effort in saving a very valuable fighter aircraft at great risk to myself (its cost was Rs 1.5 crore in 1973). I was humbled by the award but had only answered to the call of duty.

❈ ❈ ❈ ❈ ❈

Congratulation to S. Jagmeet Singh on his election as president of New Democratic Party(NDP) in Canada. He is First Amritdhari Sikh political leader in that Country. He is a MLA from Brampton. We pray for his elevation as Prime Minister of Canada in next election.

ਕਵਿਤਾ

# ਰੁੱਖ ਨੂੰ ਜਦ ਅੱਗ ਲੱਗੀ

ਸੁਰਜੀਤ ਪਾਤਰ

ਰੁੱਖ ਨੂੰ ਜਦ ਅੱਗ ਲੱਗੀ
ਕੁੱਲ ਪਰਿੰਦੇ ਉੜ ਗਏ, ਉੜਨਾ ਹੀ ਸੀ

ਇੱਕ ਚਿੜੀ ਪਰ ਜਾਂਦੀ ਜਾਂਦੀ ਮੁੜ ਪਈ
ਉਸ ਦੇ ਮਨ ਵਿਚ ਸੋਚ ਆਈ
ਰੁੱਖ ਕੀ ਸੋਚੂ ਵਿਚਾਰਾ
ਉਸ ਨੂੰ ਲੱਗਾ ਰੁੱਖ ਦੇ ਪੱਤੇ ਜਿਵੇਂ
ਹੋਵਣ ਹਜ਼ਾਰਾਂ ਅੱਖੀਆਂ
ਉਡਦਿਆਂ ਪੰਖੇਰੂਆਂ ਨੂੰ ਤੱਕਦੀਆਂ

ਕੋਲ਼ ਇੱਕ ਤਾਲਾਬ ਸੀ
ਉਸ ਦੇ ਜਲ 'ਚੋਂ ਭਰ ਕੇ ਚੁੰਝਾਂ ਉਹ ਚਿੜੀ
ਬਲ ਰਹੇ ਰੁੱਖ ਉੱਤੇ ਤ੍ਰੌਂਕਣ ਲੱਗ ਪਈ।

ਕੋਲੋਂ ਦੀ ਕੋਈ ਮੁਸਾਫਿਰ ਲੰਘਿਆ
ਦੇਖ ਕੇ ਦ੍ਰਿਸ਼ ਡਰ ਗਿਆ
ਸੜ ਹੀ ਨਾ ਜਾਏ ਕਿਤੇ ਝੱਲੀ ਚਿੜੀ

ਕਹਿਣ ਲੱਗਾ ਭੋਲੀਏ ਚਿੜੀਏ ਤੂੰ ਸੋਚ
ਤੇਰੀਆਂ ਚੁੰਝ-ਚੁਲੀਆਂ ਦੇ ਨਾਲ ਕੀ
ਅੱਗ ਬਲਦੇ ਬਿਰਖ਼ ਦੀ ਬੁਝ ਜਾਏਗੀ ?

ਜਾਣਦੀ ਹਾਂ ਮੈਂ ਮੁਸਾਫ਼ਿਰ
ਕਹਿਣ ਲੱਗੀ ਉਹ ਚਿੜੀ
ਮੇਰੀਆਂ ਚੁੰਝ-ਚੁਲੀਆਂ ਦੇ ਨਾਲ ਤਾਂ
ਅੱਗ ਬਲਦੇ ਬਿਰਖ ਦੀ ਬੁਝਣੀ ਨਹੀਂ
ਫੇਰ ਵੀ ਮੈਂ ਸੋਚਦੀ ਹਾਂ
ਜਦੋਂ ਜੰਗਲ ਦਾ ਕਦੀ ਇਤਿਹਾਸ ਲਿਖਿਆ ਜਾਏਗਾ
ਨਾਮ ਮੇਰਾ ਅੱਗ ਬੁਝਾਵਣ ਵਾਲਿਆਂ ਵਿਚ ਆਏਗਾ
ਤੇ ਇਨ੍ਹਾਂ ਰੁੱਖਾਂ ਦੇ ਵਾਰਿਸ ਕਹਿਣਗੇ:
ਸਾਨੂੰ ਜਦ ਲਗਦੀ ਹੈ ਅੱਗ
ਸਭ ਪਰਿੰਦੇ ਤ੍ਰਭਕ ਕੇ ਉੜਦੇ ਹੀ ਨੇ
ਪਰ ਕਈ ਮੁੜਦੇ ਵੀ ਨੇ

ਗੱਲ ਸੁਣ ਕੇ ਚਿੜੀ ਦੀ
ਰਾਹਗੀਰ ਵੀ
ਲੱਗ ਪਿਆ ਉਸ ਰੁੱਖ ਉੱਤੇ ਪਾਣੀ ਛ਼ੱਟਣ
ਹੋਰ ਤੇ ਇੱਕ ਹੋਰ ਤੇ ਇੱਕ ਹੋਰ ਰਾਹੀ ਆ ਗਿਆ

ਤੇ ਪਰਿੰਦੇ ਵੀ ਹਜ਼ਾਰਾਂ ਪਰਤ ਆਏ
ਚੁੰਝਾਂ ਦੇ ਵਿਚ ਨੀਰ ਭਰ ਕੇ
ਆਖਦੇ ਨੇ
ਬੁਝ ਗਈ ਸੀ ਅੱਗ ਬਲਦੇ ਬਿਰਖ ਦੀ
ਤੇ ਕਿਸੇ ਅਗਲੀ ਬਹਾਰ
ਰੁੱਖ ਦੇ ਝੁਲ਼ਸੇ ਤਨੇ 'ਚੋਂ
ਫੁੱਟ ਆਏ ਸੀ ਹਰੇ ਪੱਤੇ ਮਹੀਨ
ਜਿਸ ਤਰਾਂ ਕਿ ਹਰੇ ਅੱਖਰ ਹੋਣ ਕਾਲ਼ੇ ਸਫ਼ੇ 'ਤੇ

ਰੁੱਖ ਉਹ ਇਕ ਆਸ ਤੇ ਧਰਵਾਸ ਦੀ
ਸ਼ੁਕਰਾਨੇ ਤੇ ਵਿਸ਼ਵਾਸ ਦੀ
ਨਜ਼ਮ ਵਰਗਾ ਹੋ ਗਿਆ ਸੀ

ਮੇਰੀ ਮਾਂ ਨੇ ਇਹ ਸੁਣਾਈ ਸੀ ਕਹਾਣੀ
ਤੇ ਕਿਹਾ ਸੀ:
ਇਹ ਕਦੀ ਨਾ ਸਮਝੀਂ ਕਿ ਲਿੱਸਾ ਹੈਂ ਤੂੰ
ਇਹ ਕਦੇ ਨਾ ਸੋਚੀਂ ਕਿ ਕੱਲਾ ਹੈਂ ਤੂੰ

ਰੁੱਖ ਨੂੰ ਜਦ ਅੱਗ ਲੱਗੇ ਉੜ ਪਵੀਂ
ਪਰ ਮੁੜ ਪਵੀਂ
ਚੁੰਝ ਦੇ ਵਿਚ ਨੀਰ ਭਰ ਕੇ
ਉਸ ਚਿੜੀ ਨੂੰ ਯਾਦ ਕਰਕੇ।

❊ ❊ ❊ ❊ ❊

ਅਮੀਰ ਵਿਰਸਾ

# ਭੁੱਲੀਆਂ ਵਿੱਸਰੀਆਂ ਦੇਸੀ ਖੇਡਾਂ

ਮਨਜੀਤ ਸਿੰਘ ਤੰਬੜ
ਪੰਜੌੜ (ਹੁਸ਼ਿਆਰਪੁਰ)



ਦੇਸੀ ਖੇਡਾਂ ਬੱਚਿਆਂ ਦੇ ਰੋਜ਼ਾਨਾ ਰੁਝੇਵੇਂ ਦਾ ਅਨਿੱਖੜ ਅੰਗ ਹੋਇਆ ਕਰਦੀਆਂ ਸਨ। ਇਹ ਆਮ ਤੌਰ 'ਤੇ ਸ਼ਾਮ ਵੇਲੇ ਖੇਡੀਆਂ ਜਾਂਦੀਆਂ ਸਨ ਪਰ ਦਿਨ ਵੇਲੇ ਵੀ ਜਦੋਂ ਸਮਾਂ ਮਿਲਦਾ ਸੀ ਇਨ੍ਹਾਂ ਨਾਲ ਦਿਲ ਬਹਿਲਾ ਲਿਆ ਜਾਂਦਾ ਸੀ। ਖਾਸ ਗੱਲ ਇਹ ਸੀ ਕਿ ਦੇਸੀ ਖੇਡਾਂ ਖੇਡਣ ਲਈ ਕੋਈ ਵਿਸ਼ੇਸ਼ ਤਿਆਰੀ ਨਹੀਂ ਕਰਨੀ ਪੈਂਦੀ ਸੀ ਅਤੇ ਨਾਂ ਹੀ ਕੋਈ ਮਹਿੰਗੇ ਸਾਮਾਨ ਦੀ ਲੋੜ ਪੈਂਦੀ ਸੀ। ਬੱਸ ਕੱਚੀ ਜ਼ਮੀਨ ਤੇ ਬੈਠ ਗਏ, ਏਧਰੋਂ ਉਧਰੋਂ ਕੁੱਝ ਚੀਜ਼ਾਂ ਇਕੱਠੀਆਂ ਕੀਤੀਆਂ ਅਤੇ ਖੇਡਣਾ ਸ਼ੁਰੂ ਕਰ ਦਿੱਤਾ। ਪਹਿਲਾਂ ਪਹਿਲ ਤਾਂ ਗੇਂਦ ਵੀ ਕਪੜੇ ਤੋਂ ਹੀ ਬਣਾ ਲਈ ਜਾਂਦੀ ਸੀ ਜਿਸ ਨੂੰ ਖ਼ੁੱਦੋ ਕਿਹਾ ਜਾਂਦਾ ਸੀ। ਹਾਕੀਆਂ ਅਤੇ ਬੈਟ ਵੀ ਮੁੰਡੇ ਕਿਸੇ ਕੱਚੀ ਲੱਕੜੀ ਤੋਂ ਆਪ ਹੀ ਮੌਕੇ 'ਤੇ ਬਣਾ ਲੈਂਦੇ ਸਨ।

ਇਨ੍ਹਾਂ ਖੇਡਾਂ ਦਾ ਮੁੱਖ ਉਦੇਸ਼ ਵੀ ਮਨੋਰੰਜਨ ਹੀ ਹੁੰਦਾ ਸੀ। ਬਹੁਤ ਥੋੜ੍ਹੀਆਂ ਖੇਡਾਂ ਵਿੱਚ ਮੁਕਾਬਲਾ ਹੁੰਦਾ ਸੀ। ਇਹ ਖੇਡਾਂ ਸਥਾਨਕ ਪੱਧਰ 'ਤੇ ਹੀ ਖਤਮ ਹੋ ਜਾਂਦੀਆਂ ਸਨ ਭਾਵ ਕਿ ਕਿਸੇ ਖੇਡ ਦਾ ਜੇਤੂ ਉਪਰਲੇ ਇਲਾਕਾਈ ਮੁਕਾਬਲਿਆਂ ਵਿੱਚ ਭਾਗ ਲੈਣ ਨਹੀਂ ਜਾਂਦਾ ਸੀ। ਇਨ੍ਹਾਂ ਵਿੱਚ ਜੇਤੂ ਦਾ ਇਨਾਮ ਵੀ ਕੋਈ ਸਰਟੀਫੀਕੇਟ ਜਾਂ ਕੱਪ ਨਹੀਂ ਸੀ ਹੁੰਦਾ, ਬੱਸ ਚੰਗਾ ਖੇਡਣ ਦੀ ਭਾਵਨਾ ਹੀ ਹੁੰਦੀ ਸੀ। ਇਹ ਕਿਸੇ ਸੰਸਥਾ ਜਾਂ ਵਿਅਕਤੀ ਵਲੋਂ ਸਪਾਂਸਰ ਵੀ ਨਹੀਂ ਹੁੰਦੀਆਂ ਸਨ। ਇਨ੍ਹਾਂ ਦੇ ਨਿਯਮ ਵੀ ਕੋਈ ਲਿਖਤੀ ਨਹੀਂ ਸਨ। ਸਮੇਂ 'ਤੇ ਹੀ ਲੋੜ ਅਨੁਸਾਰ ਆਪਸੀ ਸਹਿਮਤੀ ਨਾਲ ਇਨ੍ਹਾਂ ਵਿੱਚ ਤਬਦੀਲੀ ਵੀ ਕਰ ਲਈ ਜਾਂਦੀ ਸੀ। ਜਦੋਂ ਘਰ ਵਾਲਿਆਂ ਨੇ ਆਵਾਜ਼ ਮਾਰ ਲਈ ਤਾਂ ਬੱਚੇ ਸਾਰਾ ਕੁੱਝ ਵਿਚਕਾਰ ਹੀ ਛੱਡ ਕੇ ਦੌੜ ਜਾਂਦੇ ਸਨ।

ਇਹ ਖੇਡਾਂ ਕੁੱਝ ਖੱਟਣ ਨਾਲੋਂ ਮਨਪ੍ਰਚਾਵੇ ਲਈ ਵੱਧ ਖੇਡੀਆਂ ਜਾਂਦੀਆਂ ਸਨ। ਇਨ੍ਹਾਂ ਖੇਡਾਂ ਨੂੰ ਖੇਡਣ ਸਮੇਂ ਗੰਭੀਰਤਾ ਨਾਲੋਂ ਚਾਅ ਵੱਧ ਹੁੰਦਾ ਸੀ। ਖੇਡਣ ਦਾ ਬਹੁਤਾ ਸਾਮਾਨ ਵੀ ਖੇਡ ਖਤਮ ਹੋਣ ਤੋਂ ਬਾਅਦ ਸੁੱਟ ਦਿੱਤਾ ਜਾਂਦਾ ਸੀ। ਗੁਰਬਾਣੀ ਦਾ ਸ਼ਬਦ,-'ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ ।(ਜਾਪੁ)' ਇਨ੍ਹਾਂ ਖੇਡਾਂ 'ਤੇ ਪੂਰਾ ਢੁਕਦਾ ਸੀ। ਨਾਂ ਕਿਸੇ ਨਾਲ ਕੋਈ ਦੁਸ਼ਮਣੀ ਅਤੇ ਨਾ ਹੀ ਈਰਖਾ ਪੈਦਾ ਹੁੰਦੀ ਸੀ। ਇਨ੍ਹਾਂ ਨੂੰ ਖੇਡਦੇ ਸਮੇਂ ਨਤੀਜੇ ਨਾਲੋਂ ਖੇਡਣ ਨੂੰ ਵੱਧ ਮਹੱਤਤਾ ਦਿਤੀ ਜਾਂਦੀ ਸੀ। ਅਸਲ ਵਿੱਚ ਇਹ ਹੀ ਕਿਸੇ ਖੇਡ ਦਾ ਅਸਲ ਮਨੋਰਥ ਹੋਣਾ ਚਾਹੀਦਾ ਹੈ ਜਿਵੇਂ ਕਿ ਗੁਰਬਾਣੀ ਦਾ ਫੁਰਮਾਨ ਹੈ-'ਕਰਮ ਕਰਤ ਹੋਵੈ ਨਿਹਕਰਮ, ਤਿਸੁ ਬੈਸਨੋ ਕਾ ਨਿਰਮਲ ਧਰਮ।(ਗਉੜੀ ਸੁਖਮਨੀ)'। ਇਸ ਕਾਰਨ ਹੀ ਇਨ੍ਹਾਂ ਖੇਡਾਂ ਨਾਲ ਬੱਚਿਆਂ ਨੂੰ ਮਾਨਸਿਕ ਖੁਸ਼ੀ ਹਾਸਲ ਹੁੰਦੀ ਸੀ। ਆਂਢ-ਗੁਆਂਢ ਦੇ ਸਾਰੇ ਬੱਚੇ ਮਿਲ ਕੇ ਰੌਲਾ ਪਾਉਂਦੇ ਅਤੇ ਆਪਣੇ ਦੋਸਤਾਂ ਦਾ ਹੌਸਲਾ ਵਧਾਉਂਦੇ ਸਨ। ਬਹੁਤ ਥੋੜ੍ਹੀਆਂ ਖੇਡਾਂ ਵਿੱਚ ਕੇਵਲ ਦੋ ਬੱਚੇ ਭਾਗ ਲੈਂਦੇ ਸਨ, ਬਹੁਤੀਆਂ ਵਿੱਚ ਤਾਂ ਜਿੰਨੇ ਮਰਜੀ ਸ਼ਾਮਲ ਹੋ ਸਕਦੇ ਸਨ। ਇਨ੍ਹਾਂ ਖੇਡਾਂ ਦਾ ਸਮਾ-ਕਾਲ ਵੀ ਨਿਯਤ ਨਹੀਂ ਹੁੰਦਾ ਸੀ। ਕਈ ਵਾਰ ਤਾਂ ਇਹ ਘੰਟਿਆਂ ਬੱਧੀ ਚੱਲਦੀਆਂ ਅਤੇ ਕਦੇ ਅੱਧੇ ਘੰਟੇ ਵਿੱਚ ਹੀ ਖਤਮ ਕਰ ਦਿੱਤੀਆਂ ਜਾਂਦੀਆਂ।

ਦੇਸੀ ਖੇਡਾਂ ਦੇ ਨਾਂ ਅਤੇ ਨਿਯਮ ਵੀ ਇਲਾਕੇ ਅਨੁਸਾਰ ਵੱਖਰੇ ਵੱਖਰੇ ਹੁੰਦੇ ਸਨ। ਕੁੱਝ ਕੁ ਆਮ ਜਾਣੀਆਂ ਜਾਂਦੀਆਂ ਖੇਡਾਂ ਦਾ ਸੰਖੇਪ ਵੇਰਵਾ ਇੱਥੇ ਦਿੱਤਾ ਜਾਂਦਾ ਹੈ:-

**ਗੁੱਲੀ ਡੰਡਾ-** ਇਸ ਖੇਡ ਨੂੰ ਕੇਵਲ ਮੁੰਡੇ ਹੀ ਖੇਡਦੇ ਸਨ। ਇਸ ਲਈ ਖੁਲ੍ਹੇ ਮੈਦਾਨ ਦੀ ਲੋੜ ਪੈਂਦੀ ਸੀ। ਗੁੱਲੀ 4-5 ਇੰਚ ਲੰਬਾ ਲੱਕੜੀ ਦਾ ਟੁਕੜਾ ਹੁੰਦਾ ਸੀ ਜਿਸ ਦੇ ਦੋਵੇਂ ਪਾਸੇ ਘੜੇ ਹੁੰਦੇ ਸਨ। ਇਸ ਨੂੰ ਇੱਕ ਨਿਸ਼ਚਿਤ ਜਗਾਹ ਤੇ ਰੱਖ ਕੇ ਇੱਕ ਪਾਸੇ ਡੰਡਾ ਮਾਰਿਆ ਜਾਂਦਾ ਸੀ। ਇਸ ਨਾਲ ਇਹ ਉਪਰ ਉਲਰਦੀ ਸੀ ਤਾਂ ਹਵਾ ਵਿੱਚ ਹੀ ਇਸ ਨੂੰ ਪੂਰੇ ਜ਼ੋਰ ਨਾਲ ਡੰਡਾ ਮਾਰਿਆ ਜਾਂਦਾ ਦੀ ਜਿਸ ਨਾਲ ਇਹ ਦੂਰ ਜਾ ਕੇ ਡਿਗਦੀ ਸੀ। ਇਸ ਨੂੰ ਟੁੱਲ ਆਖਦੇ ਸਨ। ਇਸ ਤੋਂ ਬਾਅਦ ਡੰਡਾ ਜ਼ਮੀਨ ਤੇ ਰੱਖ ਦਿੱਤਾ ਜਾਂਦਾ ਸੀ ਅਤੇ ਦੂਜਾ ਵਿਰੋਧੀ ਖਿਡਾਰੀ ਗੁੱਲੀ ਨੂੰ ਚੁੱਕ ਕੇ ਉਸ ਥਾਂ ਤੋਂ ਹੀ ਡੰਡੇ ਦਾ ਨਿਸ਼ਾਨਾ ਲਗਾਉਂਦਾ ਸੀ। ਜੇ ਗੁੱਲੀ ਡੰਡੇ ਨੂੰ ਲੱਗ ਜਾਵੇ ਤਾਂ ਡੰਡੇ ਵਾਲਾ ਖਿਡਾਰੀ ਆਊਟ ਹੋ ਜਾਂਦਾ ਸੀ ਅਤੇ ਦੂਜੇ ਖਿਡਾਰੀ ਦੀ ਵਾਰੀ ਆ ਜਾਂਦੀ ਸੀ। ਜੇ ਨਿਸ਼ਾਨਾ ਖੁੰਝ ਜਾਵੇ ਤਾਂ ਪਹਿਲਾ ਖਿਡਾਰੀ ਉਸੇ ਥਾਂ ਤੋਂ ਗੁੱਲੀ ਨੂੰ ਦੁਬਾਰਾ ਖੇਡਦਾ ਸੀ ਜਿੱਥੇ ਉਹ ਪਈ ਹੁੰਦੀ ਸੀ।

**ਬੰਟੇ / ਕੌਡੀਆਂ-** ਬੰਟੇ ਚਮਕਦਾਰ ਕੱਚ ਦੇ ਅੱਧਾ ਕੁ ਇੰਚ ਵਿਆਸ ਦੇ ਗੋਲੇ ਹੁੰਦੇ ਸਨ ਅਤੇ ਕੌਡੀਆਂ ਚਿੱਟੇ ਰੰਗ ਦੀਆਂ ਹੁੰਦੀਆਂ ਸਨ ਜੋ ਸਮੁੰਦਰ ਵਿੱਚੋਂ ਨਿਕਲਦੀਆਂ ਸਨ। ਇਨ੍ਹਾਂ ਨਾਲ ਦੋ-ਤਿੰਨ ਪ੍ਰਕਾਰ ਦੀਆਂ ਖੇਡਾਂ ਖੇਡੀਆਂ ਜਾਂਦੀਆਂ ਸਨ ਜਿਵੇਂ ਕਿ ਚੁੰਡਣਾ, ਪੇਲਣਾ ਆਦਿ। ਚੁੰਡ ਖੇਡਣ ਲਈ ਸਾਰੇ ਬੱਚੇ ਬਰਾਬਰ ਬਰਾਬਰ ਬੰਟੇ ਇਕੱਠੇ ਕਰਕੇ ਇੱਕ ਖਿਡਾਰੀ ਨੂੰ ਫੜਾ ਦਿੰਦੇ ਸਨ। ਉਹ ਇੱਕ ਨਿਸ਼ਾਨ 'ਤੇ ਖੜ੍ਹਾ ਹੋ ਕੇ ਸਾਰੇ ਬੰਟੇ/ਕੌਡੀਆਂ ਇੱਕ ਖੁੱਤੀ (ਜ਼ਮੀਨ ਵਿੱਚ ਪੁੱਟਿਆ ਇੰਚ ਕੁ ਡੂੰਘਾ ਅਤੇ ਦੋ ਕੁ ਇੰਚ ਵਿਆਸ ਵਾਲਾ ਛੋਟਾ ਜਿਹਾ ਟੋਆ) ਵੱਲ ਸੁੱਟਦਾ ਸੀ । ਜਿਹੜੇ ਬੰਟੇ ਖੁੱਤੀ ਤੋਂ ਬਾਹਿਰ ਰਹਿ ਜਾਂਦੇ ਸਨ ਉਨ੍ਹਾਂ ਵਿੱਚੋਂ ਕਿਸੇ ਇੱਕ 'ਤੇ ਨਿਸ਼ਾਨਾ ਲਗਾਉਂਦਾ ਸੀ। ਜੇ ਉਹ ਚੁੰਡ ਲਵੇ ਤਾਂ ਸਾਰੇ ਬੰਟੇ ਉਸ ਦੇ ਹੋ ਜਾਂਦੇ ਸਨ। ਇਸ ਤਰਾਂ ਵਾਰੀ ਵਾਰੀ ਸਾਰੇ ਆਪਣੀ ਮਿੱਤ ਲੈਂਦੇ ਸਨ। ਪੇਲਣਾ ਬੈਠ ਕੇ ਖੇਡੀ ਜਾਂਦੀ ਸੀ ਜਿਸ ਵਿੱਚ ਇੱਕ ਬੱਚਾ ਆਪਣੇ ਬੰਟੇ ਨੂੰ ਦੋ ਉਂਗਲੀਆਂ ਨਾਲ ਚਲਾ ਕੇ ਦੂਜੇ ਬੱਚੇ ਦੇ ਬੰਟੇ ਨੂੰ ਖੁੱਤੀ ਵਿੱਚ ਪਾਉਂਦਾ ਸੀ। ਇਹ ਖੇਡ ਬੱਚਿਆਂ ਵਿੱਚ ਹਰਮਨ

ਪਿਆਰੀ ਹੋ ਕੇ ਇੰਨੀ ਪ੍ਰਚੱਲਿਤ ਹੋ ਗਈ ਸੀ ਕਿ ਸਕੂਲਾਂ ਵਿੱਚ ਇਸ ਨੂੰ ਖੇਡਣ 'ਤੇ ਰੋਕ ਲਾਉਣੀ ਪਈ ਸੀ।

**ਛੂਹਣ-ਛੁਆਈ-** ਇਸ ਖੇਡ ਵਿੱਚ ਬੱਚੇ ਇੱਕ ਨਿਸ਼ਚਿਤ ਖੇਤਰ ਵਿੱਚ ਦੌੜਦੇ ਸਨ ਅਤੇ ਇੱਕ ਬੱਚਾ ਉਨ੍ਹਾਂ ਨੂੰ ਛੂੰਹਦਾ ਸੀ।ਜਿਹੜਾ ਬੱਚਾ ਛੂਹਿਆ ਜਾਂਦਾ ਸੀ ਉਸ ਦੀ ਵਾਰੀ (ਮਿੱਦੀ) ਫਿਰ ਛੂਹਣ ਦੀ ਆ ਜਾਂਦੀ ਸੀ।ਇਸ ਤਰਾਂ ਸਾਰੇ ਬੱਚੇ ਵਾਰੀ ਵਾਰੀ ਆਪਣੀ ਮਿੱਦੀ ਦਿੰਦੇ ਸਨ।ਇਹ ਖੇਡ ਅਜੇ ਵੀ ਬੱਚੇ ਸਕੂਲਾਂ ਵਿੱਚ ਖੇਡਦੇ ਹਨ।

**ਲੁਕਣ ਮੀਚੀ-** ਇਹ ਵੀ ਬੱਚਿਆਂ ਦੀ ਮਨਪਸੰਦ ਖੇਡ ਸੀ ਜਿਸ ਲਈ ਕਿਸੇ ਪ੍ਰਕਾਰ ਦੇ ਸਾਮਾਨ ਦੀ ਲੋੜ ਨਹੀਂ ਪੈਂਦੀ।ਇੱਕ ਬੱਚੇ ਦੀਆਂ ਅੱਖਾਂ 'ਤੇ ਪੱਟੀ ਬੰਨ੍ਹ ਦਿੱਤੀ ਜਾਂਦਾ ਸੀ ਅਤੇ ਬਾਕੀ ਸਾਰੇ ਇੱਧਰ ਉੱਧਰ ਦੌੜ ਕੇ ਲੁਕ ਜਾਂਦੇ ਸਨ।ਫਿਰ ਉਸ ਬੱਚੇ ਦੀ ਪੱਟੀ ਖੋਲ੍ਹ ਦਿੱਤੀ ਜਾਂਦੀ ਸੀ ਅਤੇ ਉਹ ਲੁਕੇ ਹੋਏ ਬੱਚਿਆਂ ਨੂੰ ਦੌੜ ਦੌੜ ਕੇ ਲੱਭਦਾ ਸੀ।ਜੇ ਉਹ ਸਾਰਿਆਂ ਨੂੰ ਲੱਭ ਲਵੇ ਤਾਂ ਉਸ ਦੀ ਵਾਰੀ ਖਤਮ ਹੋ ਜਾਂਦੀ ਸੀ ।ਖੇਡ ਮੁੜ ਕੇ ਸ਼ੁਰੂ ਹੁੰਦੀ ਸੀ ਅਤੇ ਜਿਹੜਾ ਬੱਚਾ ਸਭ ਤੋਂ ਪਹਿਲਾਂ ਲੱਭਿਆ ਗਿਆ ਸੀ ਹੁਣ ਲੱਭਣ ਦੀ ਵਾਰੀ ਉਸ ਦੀ ਆ ਜਾਂਦੀ ਸੀ । ਜੇ ਲੱਭਦੇ ਸਮੇਂ ਕੋਈ ਲੁਕਿਆ ਹੋਇਆ ਬੱਚਾ ਬਾਹਰ ਨਿਕਲ ਕੇ ਉਸ ਲੱਭਣ ਵਾਲੇ ਬੱਚੇ ਨੂੰ ਛੂਹ ਦੇਵੇ ਤਾਂ ਉਸ ਨੂੰ ਦੋਬਾਰਾ ਵਾਰੀ ਦੇਣੀ ਪੈਂਦੀ ਸੀ।ਇਸ ਲਈ ਇਸ ਖੇਡ ਨੂੰ ਥੱਪਾ-ਐਕਸਪ੍ਰੈਸ ਵੀ ਕਿਹਾ ਜਾਣ ਲੱਗਾ ਸੀ।

**ਭਾਟਣੀ-** ਇਹ ਖੇਡ ਵੀ ਲੁਕਣ-ਮੀਚੀ ਵਰਗੀ ਹੀ ਸੀ। ਬੱਸ ਫਰਕ ਇਹ ਸੀ ਕਿ ਇਸ ਨੂੰ ਨੌਜਵਾਨ ਮੁੰਡੇ ਖੇਡਦੇ ਸਨ।ਇਸ ਦਾ ਕਾਰਨ ਇਹ ਸੀ ਕਿ ਲੁਕਣ ਵਾਲੇ ਮੁੰਡੇ ਬਹੁਤ ਦੂਰ ਦੂਰ ਜਾ ਕੇ ਲੁਕਦੇ ਸਨ ਅਤੇ ਲੁਕ ਕੇ ਉੱਚੀ ਆਵਾਜ਼ ਵਿੱਚ 'ਭਾਟਣੀ' ਬੋਲਦੇ ਸਨ ਜਿਸ ਨਾਲ ਲੱਭਣ ਵਾਲੇ ਨੂੰ ਛੁਪੇ ਹੋਣ ਦੇ ਸਥਾਨ ਦਾ ਕੁੱਝ ਅੰਦਾਜ਼ਾ ਹੋ ਜਾਂਦਾ ਸੀ।ਇਹ ਖੇਡ ਅੱਧੀ ਅੱਧੀ ਰਾਤ ਤੱਕ ਚੱਲਦੀ ਰਹਿੰਦੀ ਸੀ।

**ਘੋਟਣਾ ਛਪਾਕੀ-** ਇਹ ਛੋਟੇ ਬੱਚਿਆਂ ਵਿੱਚ ਬੜੀ ਹੀ ਪ੍ਰਚੱਲਤ ਖੇਡ ਸੀ ਜਿਸ ਨੂੰ ਮੁੰਡੇ ਤੇ ਕੁੜੀਆਂ ਰਲ ਕੇ ਖੇਡਦੇ ਸਨ।ਇਸ ਵਿੱਚ ਸਾਰੇ ਬੱਚੇ ਇੱਕ ਗੋਲ ਦਾਇਰੇ ਵਿੱਚ ਬੈਠ ਜਾਂਦੇ ਸਨ ।ਇੱਕ ਕੱਪੜੇ (ਆਮ ਤੌਰ 'ਤੇ ਕਿਸੇ ਲੜਕੀ ਦੀ ਚੁੰਨੀ ) ਨੂੰ ਵੱਟ ਚਾੜ੍ਹ ਕੇ ਕੋਰੜਾ (ਘੋਟਣਾ) ਬਣਾ ਲਿਆ ਜਾਂਦਾ ਸੀ।ਇੱਕ ਬੱਚਾ ਉਸ ਕੋਰੜੇ ਨੂੰ ਫੜ ਕੇ ਬੱਚਿਆਂ ਦੁਆਲੇ ਚੱਕਰ ਲਗਾਉਂਦਾ ਅਤੇ ਨਾਲ ਹੀ ਬੋਲੀ ਜਾਂਦਾ ਸੀ,-"ਕੋਰੜਾ ਛਪਾਕੀ ਜੁੰਮੇ ਰਾਤ ਆਈ ਆ,ਜਿਹੜਾ ਪਿੱਛੇ ਮੁੜ ਕੇ ਦੇਖੂ ਉਹ ਦੀ ਸ਼ਾਮਤ ਆਈ ਹੈ।"ਦੁਆਲੇ ਘੁੰਮਦਾ ਹੋਇਆ ਉਹ ਬੜੀ ਸਾਵਧਾਨੀ ਨਾਲ ਚੁੱਪਚਪੀਤੇ ਕਿਸੇ ਇੱਕ ਬੱਚੇ ਦੇ ਪਿੱਛੇ ਕੋਰੜਾ ਰੱਖ ਦਿੰਦਾ ਸੀ।ਜੇ ਉਸ ਬੱਚੇ ਨੂੰ ਇਸ ਦੀ ਬਿੜਕ ਪੈ ਜਾਵੇ ਤਾਂ ਉਹ ਕੋਰੜਾ ਚੁੱਕ ਕੇ ਰੱਖਣ ਵਾਲੇ ਦੇ ਮਾਰਨ ਲਈ ਉਸ ਦੇ ਪਿੱਛੇ ਭੱਜਦਾ ਸੀ ।ਇਸ ਦੌਰਾਨ ਪਹਿਲਾ ਬੱਚਾ ਦੌੜ ਕੇ ਉਸ ਦੇ ਸਥਾਨ 'ਤੇ ਬੈਠ ਜਾਂਦਾ ਸੀ ਅਤੇ ਖੇਡ ਦੁਬਾਰਾ ਪਹਿਲਾਂ ਵਾਂਗ ਸ਼ੁਰੂ ਹੋ ਜਾਂਦੀ ਸੀ।ਜੇ ਬੱਚੇ ਨੂੰ ਆਪਣੇ ਪਿੱਛੇ ਰੱਖੇ ਕੋਰੜੇ ਦਾ ਪਤਾ ਨਾ ਲੱਗੇ ਤਾਂ ਰੱਖਣ ਵਾਲਾ ਬੱਚਾ ਚੱਕਰ ਪੂਰਾ ਕੱਟ ਕੇ ਕੋਰੜਾ ਚੁੱਕ ਲੈਂਦਾ ਸੀ ਅਤੇ ਬੈਠੇ ਬੱਚੇ ਦੇ ਜ਼ੋਰ ਜ਼ੋਰ ਨਾਲ ਮਾਰਦਾ ਸੀ ਜਿੰਨੀ ਦੇਰ ਤੱਕ ਉਹ ਉਸ ਦੇ ਖਾਲੀ ਸਥਾਨ 'ਤੇ ਬੈਠ ਨਹੀਂ ਜਾਂਦਾ।ਫਿਰ ਵਾਰੀ ਕੋਰੜਾ ਖਾਣ ਵਾਲੇ ਬੱਚੇ ਦੀ ਆ ਜਾਂਦੀ ਸੀ।ਅਜੇ ਵੀ ਇਹ ਖੇਡ ਕਿਸੇ ਕਿਸੇ ਸਕੂਲ ਵਿੱਚ ਖਿਡਾਈ ਜਾਂਦੀ ਹੈ।

**ਬਾਂਦਰ ਕਿੱਲਾ-** ਇੱਕ ਲੱਕੜੀ ਦਾ ਕਿੱਲਾ(ਖੁੰਡ) ਧਰਤੀ ਵਿੱਚ ਗੱਡ ਲਿਆ ਜਾਂਦਾ ਸੀ ਜਿਸ ਨਾਲ 4-5 ਫੁੱਟ ਲੰਬੀ ਰੱਸੀ ਬੰਨ੍ਹ ਲਈ ਜਾਂਦੀ ਸੀ।ਉਸ ਕਿੱਲੇ ਦੁਆਲੇ ਇੱਕ ਗੋਲ ਦਾਇਰਾ ਉਲੀਕ ਕੇ ਉਸ ਵਿੱਚ ਸਾਰੇ ਬੱਚੇ ਆਪਣੀਆਂ ਜੁੱਤੀਆਂ ਰੱਖ ਦਿੰਦੇ ਸਨ।ਮਿੱਦੀ(ਵਾਰੀ) ਵਾਲਾ ਬੱਚਾ ਰੱਸੀ ਨੂੰ ਫੜ ਕੇ ਘੁੰਮਦਾ ਸੀ ਅਤੇ ਬਾਕੀ ਬੱਚੇ ਆਪਣੀ ਜੁੱਤੀ ਚੁੱਕਣ ਦੀ ਕੋਸ਼ਿਸ਼ ਕਰਦੇ ਸਨ ਜਦੋਂ ਕਿ ਵਾਰੀ ਵਾਲਾ ਬੱਚਾ ਅਜਿਹਾ ਕਰਦੇ ਸਮੇ ਬੱਚਿਆਂ ਨੂੰ ਛੂੰਹਦਾ ਸੀ।ਜਿਹੜਾ ਬੱਚਾ ਛੂਹ ਹੋ ਜਾਂਦਾ ਸੀ ਫਿਰ ਵਾਰੀ ਉਸ ਦੀ ਆ ਜਾਂਦੀ ਸੀ।ਜੇਕਰ ਸਾਰੇ ਬੱਚੇ ਆਪਣੀਆਂ ਜੁੱਤੀਆਂ ਚੁੱਕਣ ਵਿੱਚ ਕਾਮਯਾਬ ਹੋ ਜਾਣ ਤਾਂ ਮਿੱਦੀ ਦੇਣ ਵਾਲਾ ਰੱਸੀ ਛੱਡ ਕੇ ਭੱਜ ਜਾਂਦਾ ਸੀ ਅਤੇ ਬਾਕੀ ਸਾਰੇ ਉਸ ਦੇ ਪਿੱਛੇ ਜੁੱਤੀਆਂ ਮਾਰਨ ਲਈ ਭੱਜਦੇ ਸਨ।

**ਅੱਡੀ ਟੱਪਾ/ਪੀਚੋ-** ਇਹ ਖੇਡ ਕੁੜੀਆਂ ਖੇਡਦੀਆਂ ਸਨ।ਇਸ ਵਿੱਚ ਕੱਚੀ ਜ਼ਮੀਨ 'ਤੇ ਕਿਸੇ ਤਿੱਖੀ ਚੀਜ਼ ਨਾਲ ਦੋ ਲਾਈਨਾਂ ਦੇ ਵਿਚਕਾਰ 2-2 ਫੁੱਟ ਦੇ ਚਾਰ-ਚਾਰ ਵਰਗਾਕਾਰ ਜੁੜਵੇਂ ਖਾਨੇ(ਪੀਚੀ) ਬਣਾਏ ਜਾਂਦੇ ਸਨ।ਦੋਵੇਂ ਪਾਸਿਆਂ ਦੇ ਤੀਜੇ ਖਾਨਿਆਂ ਵਿੱਚ ਕਰਸ ਮਾਰੇ ਜਾਂਦੇ ਸਨ।ਮਿੱਟੀ ਦੇ ਟੁੱਟੇ ਘੜੇ ਤੋਂ ਇੱਕ ਇੰਚ ਕੁ ਆਕਾਰ ਦੀ ਗੀਟੀ ਬਣਾਈ ਜਾਂਦੀ ਸੀ।ਮਿੱਦੀ ਵਾਲੀ ਕੁੜੀ ਪੀਚੀ ਤੋਂ ਬਾਹਰ ਖੜ੍ਹ ਕੇ ਗੀਟੀ ਨੂੰ ਪਹਿਲੇ ਖਾਨੇ ਵਿੱਚ ਸੁੱਟਦੀ ਸੀ ਅਤੇ ਫਿਰ ਇੱਕ ਲੱਤ ਦੇ ਭਾਰ ਹੋ ਕੇ ਪੈਰ ਨਾਲ ਗੀਟੀ ਨੂੰ ਦੂਜੇ ਖਾਨੇ ਵਿੱਚ ਧੱਕਦੀ ਸੀ।ਇਸ ਤਰ੍ਹਾਂ ਸਾਰੇ ਖਾਨਿਆਂ ਵਿੱਚੋਂ ਗੀਟੀ ਨੂੰ ਲੰਘਾ ਕੇ ਉਸ ਨੂੰ ਬਾਹਰ ਕੱਢਣਾ ਹੁੰਦਾ ਸੀ। ਗੀਟੀ ਲਾਈਨ ਤੇ ਆ ਜਾਣ,ਕਰਾਸ ਵਾਲੇ ਖਾਨਿਆਂ ਵਿੱਚ ਅਟਕ ਜਾਣ,ਪੀਚੋ ਤੋਂ ਬਾਹਰ ਨਿਕਲ ਜਾਣ ਅਤੇ ਮਿਤੀ ਦੇਣ ਵਾਲੀ ਕੁੜੀ ਦਾ ਦੂਜਾ ਪੈਰ ਧਰਤੀ 'ਤੇ ਲੱਗ ਜਾਣ ਦੀ ਸੂਰਤ ਵਿੱਚ ਉਹ ਆਊਟ ਹੋ ਜਾਂਦੀ ਸੀ ਅਤੇ ਮਿੱਦੀ ਦੂਜੀ ਕੁੜੀ ਦੀ ਆ ਜਾਂਦੀ ਸੀ।

**ਗੀਟੇ-** ਇਹ ਵੀ ਕੁੜੀਆਂ ਦੀ ਖੇਡ ਸੀ।ਇੱਟਾਂ ਦੇ ਪੰਜ-ਛੇ ਛੋਟੇ ਛੋਟੇ ਟੁਕੜਿਆਂ ਨੂੰ ਘਸਾ ਘਸਾ ਕੇ ਗੋਲ ਕਰ ਲਿਆ ਜਾਂਦਾ ਸੀ।ਮਿੱਦੀ ਵਾਲੀ ਕੁੜੀ ਇਨ੍ਹਾਂ ਨੂੰ ਹੱਥ ਵਿੱਚ ਲੈ ਕੇ ਧਰਤੀ 'ਤੇ ਖਿਲਾਰ ਦਿੰਦੀ ਸੀ।ਫਿਰ ਉਹ ਕੁੜੀ ਆਪਣੇ ਖੱਬੇ ਹੱਥ ਨੂੰ ਜ਼ਮੀਨ 'ਤੇ ਰੱਖ ਕੇ ਉਂਗਲਾਂ ਨਾਲ ਇੱਕ ਗੇਟ ਜਿਹਾ ਬਣਾਂਦੀ ਸੀ।ਇੱਕ ਗੀਟੀ ਨੂੰ ਆਪਣੇ ਸੱਜੇ ਹੱਥ ਨਾਲ ਚੁੱਕ ਕੇ

ਉਸ ਨੂੰ ਉੱਪਰ ਉਛਾਲਦੀ ਸੀ ਅਤੇ ਸੱਜੇ ਹੱਥ ਦੀਆਂ ਉਗਲਾਂ ਨਾਲ ਜਮੀਨ 'ਤੇ ਪਈਆਂ ਗੀਟੀਆਂ ਨੂੰ ਗੇਟ ਰਾਹੀਂ ਪਾਰ ਕਰਨ ਦੀ ਕੋਸ਼ਿਸ਼ ਕਰਦੀ ਸੀ। ਇਸ ਦੇ ਨਾਲ ਹੀ ਉਹ ਉੱਪਰ ਸੁੱਟੀ ਗੀਟੀ ਨੂੰ ਧਰਤੀ 'ਤੇ ਡਿਗਣ ਤੋਂ ਪਹਿਲਾਂ ਪਹਿਲਾਂ ਬੋਚਦੀ ਸੀ। ਮਿੱਦੀ ਵਾਲੀ ਕੁੜੀ ਵਾਰ ਵਾਰ ਕੋਸ਼ਿਸ਼ ਕਰਕੇ ਸਾਰੀਆਂ ਗੀਟੀਆਂ ਪਾਰ ਕਰਨ ਤੋਂ ਬਾਅਦ ਫਿਰ ਗੀਟੀ ਨੂੰ ਉਛਾਲ ਕੇ ਸਾਰੀਆਂ ਗੀਟੀਆਂ ਨੂੰ ਆਪਣੇ ਸੱਜੇ ਹੱਥ ਵਿੱਚ ਚੁੱਕਦੀ ਸੀ। ਜੇ ਇਹ ਸਾਰਾ ਕੁੱਝ ਕਰਦੇ ਸਮੇਂ ਗੀਟੀ ਧਰਤੀ 'ਤੇ ਡਿਗ ਪਵੇ ਤਾਂ ਖੇਡਣ ਵਾਲੀ ਕੁੜੀ ਦੀ ਮਿੱਦੀ ਮੁੱਕ ਜਾਂਦੀ ਸੀ ਅਤੇ ਉਸ ਦੀ ਥਾਂ 'ਤੇ ਦੂਜੀ ਕੁੜੀ ਖੇਡਣ ਲਗ ਜਾਂਦੀ ਸੀ।

**ਕਿਕਲੀ–** ਇਹ ਖੇਡ ਇੰਨੀ ਸਾਦਾ ਤੇ ਆਸਾਨ ਸੀ ਕਿ ਜਦੋਂ ਵੀ ਦੋ ਕੁੜੀਆਂ ਇਕੱਠੀਆਂ ਹੁੰਦੀਆਂ ਤਾਂ ਬਿਨਾਂ ਕਿਸੇ ਹੋਰ ਨੂੰ ਉਡੀਕਿਆਂ ਫਟਾਫਟ ਕਿਕਲੀ ਪਾਉਣ ਲਗ ਜਾਂਦੀਆਂ ਸਨ। ਦੋਵੇਂ ਕੁੜੀਆਂ ਇੱਕ ਦੂਜੇ ਦੇ ਹੱਥ ਫੜ ਕੇ ਅਤੇ ਪੈਰ ਜੋੜ ਕੇ ਉਸ ਥਾਂ 'ਤੇ ਹੀ ਘੁੰਮਦੀਆਂ ਸਨ ਅਤੇ ਨਾਲੋ ਨਾਲ ਉਹ ਗੀਤ ਗਾਉਂਦੀਆਂ ਸਨ–"ਕਿਕਲੀ ਕਲੀਰ ਦੀ,ਪੱਗ ਮੇਰੇ ਵੀਰ ਦੀ,ਦੁਪੱਟਾ ਭਰਜਾਈ ਦਾ,ਫਿਟੇ ਮੂੰਹ ਜਵਾਈ ਦਾ।"– ਇਸ ਨੂੰ ਉਹ ਵਾਰ ਦੁਹਰਾਈ ਜਾਂਦੀਆਂ ਸਨ। ਜੇ ਕੁੜੀਆਂ ਬਹੁਤੀਆਂ ਹੋ ਜਾਣ ਤਾਂ ਸਾਰੀਆਂ ਦੋ–ਦੋ ਦੇ ਜੋੜੇ ਬਣ ਕੇ ਕਿਕਲੀ ਪਾਉਣ ਲਗਦੀਆਂ ਸਨ।

**ਪਿੱਠੂ–** ਇਸ ਖੇਡ ਨੂੰ ਆਮ ਤੌਰ 'ਤੇ ਮੁੰਡੇ ਖੇਡਦੇ ਸਨ। ਇਸ ਖੇਡ ਦੇ ਕੁੱਝ ਨਿਯਮ ਕ੍ਰਿਕਟ ਦੀ ਖੇਡ ਨਾਲ ਮਿਲਦੇ ਜੁਲਦੇ ਸਨ। ਖੇਡਣ ਦੇ ਚਾਹਵਾਨ ਮੁੰਡਿਆਂ ਨੂੰ ਦੋ ਟੀਮਾਂ ਵਿੱਚ ਵੰਡ ਦਿੱਤਾ ਜਾਂਦਾ ਸੀ। ਟੁੱਟੇ ਹੋਏ ਮਿੱਟੀ ਦੇ ਘੜੇ ਦੇ ਛੋਟੇ ਛੋਟੇ ਟੁਕੜਿਆਂ ਤੋਂ ਬਣਾਈਆਂ 5–7 ਗੀਟੀਆਂ ਨੂੰ ਇੱਕ ਦੂਜੀ ਦੇ ਉੱਪਰ ਰੱਖ ਕੇ ਇੱਕ ਚਬੂਤਰਾ ਜਿਹਾ ਬਣਾ ਦਿੱਤਾ ਜਾਂਦਾ ਸੀ। ਖੇਡਣ ਵਾਲੀ ਟੀਮ ਦਾ ਇੱਕ ਖਿਡਾਰੀ ਥੋੜ੍ਹੀ ਦੂਰੀ 'ਤੇ ਖੜ੍ਹ ਕੇ ਗੇਂਦ ਨਾਲ ਗੀਟੀਆਂ ਨੂੰ ਨਿਸ਼ਾਨਾ ਬਣਾਉਂਦਾ ਸੀ। ਇਸ ਨਾਲ ਸਾਰੀਆਂ ਖਿਲਰੀਆਂ ਗੀਟੀਆਂ ਨੂੰ ਉਸ ਟੀਮ ਦੇ ਖਿਡਾਰੀ ਇਕੱਠੀਆਂ ਕਰ ਕੇ ਮੁੜ ਪਹਿਲੇ ਵਾਂਗ ਰੱਖਣ ਦੀ ਕੋਸ਼ਿਸ਼ ਕਰਦੇ ਸਨ। ਦੂਜੀ ਟੀਮ ਦੇ ਖਿਡਾਰੀ ਦੌੜ ਕੇ ਗੇਂਦ ਨੂੰ ਪਕੜ ਕੇ ਗੀਟੀਆਂ ਦੀ ਢੇਰੀ ਬਣਾਉਂਦੇ ਖਿਡਾਰੀਆਂ ਵੱਲ ਸੁੱਟਦੇ ਸਨ। ਜੇ ਗੇਂਦ ਪਹਿਲੀ ਟੀਮ ਦੇ ਕਿਸੇ ਖਿਡਾਰੀ ਦੇ ਲੱਗ ਜਾਵੇ ਤਾਂ ਉਸ ਟੀਮ ਦੀ ਵਾਰੀ ਖਤਮ ਹੋ ਜਾਂਦੀ ਸੀ ਅਤੇ ਦੂਜੀ ਟੀਮ ਦੀ ਵਾਰੀ ਆ ਜਾਂਦੀ ਸੀ। ਜੇ ਪਹਿਲੀ ਟੀਮ ਦੇ ਖਿਡਾਰੀ ਗੇਂਦ ਲੱਗਣ ਤੋਂ ਬਿਨਾ ਢੇਰੀ ਉਸਾਰਨ ਵਿੱਚ ਕਾਮਯਾਬ ਹੋ ਜਾਂਦੇ ਸਨ ਤਾਂ ਉਹ ਟੀਮ ਦੁਬਾਰਾ ਖੇਡਣ ਲਗ ਜਾਂਦੀ ਸੀ।

**ਦੇਸੀ ਕ੍ਰਿਕਟ–** ਇਹ ਖੇਡ ਅਜੋਕੀ ਕ੍ਰਿਕਟ ਦਾ ਹੀ ਪੇਂਡੂ ਰੂਪ ਸੀ। ਇਸ ਨੂੰ ਮੁੰਡੇ ਹੀ ਖੇਡਿਆ ਕਰਦੇ ਸਨ। ਮੁੰਡੇ ਦੋ ਟੀਮਾਂ ਵਿੱਚ ਵੰਡ ਦਿੱਤੇ ਜਾਂਦੇ ਸਨ। ਇੱਕ ਖੁੱਲ੍ਹੇ ਮੈਦਾਨ ਵਿੱਚ ਥੋੜ੍ਹੀ ਜਿਹੀ ਮਿੱਟੀ ਇਕੱਠੀ ਕਰਕੇ ਉਸ ਵਿੱਚ ਚਾਰ ਗੰਨੇ ਦੇ ਛਿਲਕੇ ਗੱਡ ਲਏ ਜਾਂਦੇ ਸਨ। ਇਨ੍ਹਾਂ ਨੂੰ ਜੀਅ ਆਖਿਆ ਜਾਂਦਾ ਸੀ। ਕਿਸੇ ਨਰਮ ਜਿਹੀ ਲੱਕੜੀ ਤੋਂ ਹਾਕੀ ਦੀ ਸ਼ਕਲ ਦਾ ਬੱਲਾ ਬਣਾਇਆ ਜਾਂਦਾ ਸੀ। ਗੇਂਦ ਰਬੜ ਦੀ ਹੁੰਦੀ ਸੀ ਜਾਂ ਕੱਪੜੇ ਤੋਂ ਆਪ ਹੀ ਬਣਾ ਲਈ ਜਾਂਦੀ ਸੀ। ਇਸ ਨੂੰ ਖੇਡਿਆ ਤਾਂ ਹੁਣ ਦੀ ਕ੍ਰਿਕਟ ਵਾਂਗ ਸੀ। ਬੱਸ ਫਰਕ ਇਹ ਸੀ ਕਿ ਇਸ 'ਤੇ ਨਾਂ ਕੋਈ ਖਰਚ ਹੁੰਦਾ ਸੀ ਅਤੇ ਨਾਂ ਹੀ ਨਿਯਮ ਇੰਨੇ ਸਖਤ ਸਨ।

**ਕੱਦੂ ਵੇਲ–** ਇਸ ਨੂੰ ਖੇਡਣ ਲਈ ਇੱਕ ਤਕੜਾ ਜਿਹਾ ਮੁੰਡਾ ਕਿਸੇ ਸਹਾਰੇ ਨਾਲ ਖੜ੍ਹਦਾ ਸੀ ਅਤੇ ਇੱਕ ਹੋਰ ਮੁੰਡਾ ਉਸ ਦੇ ਲੱਕ ਨੂੰ ਫੜਦਾ ਸੀ। ਬਾਕੀ ਸਾਰੇ ਮੁੰਡੇ ਇੱਕ ਦੂਜੇ ਦੇ ਲੱਕ ਨੂੰ ਫੜਦਿਆਂ ਇੱਕ ਕਤਾਰ ਬਣਾ ਲੈਂਦੇ ਸਨ। ਇਸ ਨੂੰ ਹੀ ਕੱਦੂ ਦੀ ਵੇਲ ਕਹਿੰਦੇ ਸਨ। ਸਾਰੇ ਮੁੰਡੇ ਰਲ ਕੇ ਗਾਉਂਦੇ ਸਨ– "ਸਾਡੇ ਖੇਤ ਦੇ ਬੰਨੇ ਕੌਣ ਘੁੰਮਦਾ?" ਇੱਕ ਮੁੰਡਾ ਇਸ ਵੇਲ ਦੁਆਲੇ ਚੱਕਰ ਲਗਾਉਂਦਿਆਂ ਜਬਾਵ ਦਿੰਦਾ ਸੀ–"ਮੈਂ ਪਿੰਡ ਦਾ ਪਟਵਾਰੀ।"ਫਿਰ ਸਾਰੇ ਮੁੰਡੇ ਬੋਲਦੇ –"ਕੀ ਮੰਗਦਾ।"ਪਟਵਾਰੀ ਬਣਿਆਂ ਮੁੰਡਾ ਉੱਤਰ ਦਿੰਦਾ–"ਕੱਦੂ ਮੰਗਦਾ।"ਇਸ ਦੇ ਨਾਲ ਹੀ ਵੇਲ ਦੇ ਅਖੀਰਲੇ ਮੁੰਡੇ ਨੂੰ ਫੜ ਕੇ ਉਸ ਨੂੰ ਅਲੱਗ ਕਰਨ ਦੀ ਕੋਸ਼ਿਸ਼ ਕਰਦਾ। ਸਾਰੇ ਇੱਕ ਦੂਜੇ ਨੂੰ ਘੁੱਟ ਕੇ ਫੜੀ ਰੱਖਦੇ। ਆਖਰ ਪੂਰੀ ਕੋਸ਼ਿਸ਼ ਤੋਂ ਬਾਅਦ ਵੇਲ ਕਿਤਿਓਂ ਨਾ ਕਿਤਿਓਂ ਟੁੱਟ ਜਾਂਦੀ ਅਤੇ ਸਾਰੇ ਬੱਚੇ ਪਿੱਛੇ ਵੱਲ ਡਿਗ ਪੈਂਦੇ । ਇਸ ਨਾਲ ਖੇਡ ਦਾ ਅੰਤ ਹੋ ਜਾਂਦਾ।

**ਬਾਰਾਂ ਟਾਹਣੀ–** ਇਹ ਖੇਡ ਸ਼ਤਰੰਜ ਦਾ ਦੇਸੀ ਰੂਪ ਸੀ। ਜ਼ਮੀਨ 'ਤੇ ਡੇਢ ਕੁ ਫੁੱਟ ਲੰਬਾ ਅਤੇ ਫੁੱਟ ਕੁ ਚੌੜਾ ਇੱਕ ਆਇਤਾਕਾਰ ਰੇਖਾ–ਚਿੱਤਰ ਬਣਾਇਆ ਜਾਂਦਾ ਸੀ। ਇਸ ਦੇ ਵਿਰੋਧੀ ਕੋਨਿਆਂ ਨੂੰ ਕਰਣ ਬਣਾ ਕੇ ਮਿਲਾ ਦਿੱਤਾ ਜਾਂਦਾ ਸੀ। ਇਸ ਆਇਤ ਨੂੰ 16 ਬਰਾਬਰ ਖਾਨਿਆਂ ਵਿੱਚ ਵੰਡ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਇਸ ਵਿੱਚ 25 ਕੋਨੇ ਬਣ ਜਾਂਦੇ ਸਨ। ਇਸ ਨੂੰ ਦੋ ਖਿਡਾਰੀ ਖੇਡਦੇ ਸਨ। ਇਕ ਖਿਡਾਰੀ ਇੱਕ ਪਾਸੇ ਬੈਠ ਕੇ ਕੋਨਿਆਂ 'ਤੇ 12 ਗੀਟੀਆਂ ਰੱਖਦਾ ਸੀ ਜਦੋਂ ਕਿ ਦੂਜਾ ਪਹਿਲੇ ਦੇ ਸਾਹਮਣੇ ਬੈਠ ਕੇ ਆਪਣੇ ਪਾਸੇ ਦੇ ਕੋਨਿਆਂ 'ਤੇ ਕਿਸੇ ਹੋਰ ਰੰਗ ਜਾਂ ਆਕਾਰ ਦੀਆਂ ਗੀਟੀਆਂ ਰੱਖ ਲੈਂਦਾ ਸੀ। ਇਸ ਪ੍ਰਕਾਰ ਕੇਂਦਰ ਦਾ ਕਰਾਸ ਵਾਲਾ ਕੋਨਾ ਖਾਲੀ ਰਹਿ ਜਾਂਦਾ ਸੀ। ਖੇਡ ਆਰੰਭ ਕਰਨ ਲਈ ਇੱਕ ਖਿਡਾਰੀ ਆਪਣੀ ਇੱਕ ਗੀਟੀ ਨੂੰ ਖਾਲੀ ਥਾਂ ਤੇ ਸ਼ਿਫਟ ਕਰਦਾ ਸੀ ਜਿਸ ਨੂੰ ਚਾਲ ਕਹਿੰਦੇ ਸਨ। ਫਿਰ ਦੂਜਾ ਖਿਡਾਰੀ ਚਾਲ ਚੱਲਦਾ ਸੀ। ਵਾਰੀ ਵਾਰੀ ਅਜਿਹਾ ਕਰਦਿਆਂ ਜੇ ਖਾਲੀ ਸਥਾਨ 'ਤੇ ਜਾਣ ਲਈ ਕਿਸੇ ਗੀਟੀ ਦੇ ਉੱਪਰੋਂ ਟੱਪਣਾ ਪਵੇ ਤਾਂ ਉਹ ਗੀਟੀ ਮਰ ਜਾਂਦੀ ਸੀ। ਕਈ ਵੇਰ ਤਾਂ ਇੱਕ ਹੀ ਚਾਲ ਵਿੱਚ ਕਈ ਕਈ ਗੀਟੀਆਂ ਮਾਰ ਲਈਆਂ ਜਾਂਦੀਆਂ ਸਨ। ਜਿਹੜਾ ਖਿਡਾਰੀ ਵੱਧ ਗੀਟੀਆਂ ਮਾਰ ਲੈਂਦਾ ਸੀ ਉਹ ਜਿੱਤ ਜਾਂਦਾ ਸੀ।

ਅੱਡਾ ਖੱਡਾ- ਇਸ ਖੇਡ ਦੇ ਵੀ ਕੁੱਝ ਨਿਯਮ ਸ਼ਤਰੰਜ ਨਾਲ ਮਿਲਦੇ ਸਨ।ਇਸ ਨੂੰ ਵੀ ਦੋ ਖਿਡਾਰੀ ਆਹਮੋ-ਸਾਹਮਣੇ ਬੈਠ ਕੇ ਖੇਡਦੇ ਸਨ।ਜ਼ਮੀਨ 'ਤੇ ਹੀ ਇੱਕ ਖਾਕਾ ਉਲੀਕਿਆ ਜਾਂਦਾ ਸੀ।ਦੋਵੇਂ ਖਿਡਾਰੀ ਅਲੱਗ ਅਲੱਗ ਤਰ੍ਹਾਂ ਦੀ ਇੱਕ ਇੱਕ ਤੀਲ੍ਹੀ ਲੈਂਦੇ ਸਨ।ਇਸ ਤੀਲ੍ਹੀ ਨੂੰ ਖਿਡਾਰੀ ਆਪਣੇ ਪਾਸੇ ਦੇ ਖਾਨੇ ਵਿੱਚ ਰੱਖਦਾ ਸੀ।ਇੱਕ ਖਿਡਾਰੀ ਚਾਰ ਕੌਡੀਆਂ ਨੂੰ ਇਕੱਠਿਆਂ ਹੀ ਜ਼ਮੀਨ 'ਤੇ ਖਿਲਾਰਦਾ ਸੀ।ਜਿੰਨੀਆਂ ਕੌਡੀਆਂ ਦੇ ਮੂੰਹ ਉੱਪਰ ਵੱਲ ਹੁੰਦੇ ਸਨ ਉਂਨੇ ਨੰਬਰ ਉਸ ਖਿਡਾਰੀ ਨੂੰ ਮਿਲ ਜਾਂਦੇ ਸਨ ਅਤੇ ਉਹ ਉਂਨੇ ਹੀ ਸਟੈੱਪ ਆਪਣੀ ਤੀਲ੍ਹੀ ਨੂੰ ਅੱਗੇ ਤੋਰ ਦਿੰਦਾ ਸੀ।ਇਸ ਤਰ੍ਹਾਂ ਕਰਦਿਆਂ ਜਿਸ ਦੀ ਤੀਲ੍ਹੀ ਖਾਕੇ ਦੇ ਦੂਜੇ ਸਿਰੇ 'ਤੇ ਪਹਿਲਾਂ ਪਹੁੰਚ ਜਾਂਦੀ ਸੀ ਉਹ ਜਿੱਤ ਜਾਂਦਾ ਸੀ।

ਇਨ੍ਹਾਂ ਤੋਂ ਇਲਾਵਾ ਬੱਖੂ ਚਾਲਾ, ਭੰਡਾ ਭੰਡਰੀਆ, ਚੌਕੜੀ ਮਾਰ ਕੇ ਪੈਰਾਂ ਦੇ ਅੰਗੂਠਿਆਂ ਨੂੰ ਫੜ ਕੇ ਖੇਡਣ ਵਾਲੀ ,ਗਧਾ ਚਲਾਉਣਾ ਅਤੇ ਪਹੀਆ ਚਲਾਉਣਾ ਆਦਿ ਹੋਰ ਵੀ ਖੇਡਾਂ ਸਨ।

ਸਮੇਂ ਦੀ ਤਬਦੀਲੀ ਨਾਲ ਹੁਣ ਇਨ੍ਹਾਂ ਖੇਡਾਂ ਵਿੱਚੋਂ ਬਹੁਤੀਆਂ ਖਤਮ ਹੋ ਗਈਆਂ ਹਨ। ਮੁਕਾਬਲੇ ਦੇ ਯੁੱਗ ਨੇ ਇਨ੍ਹਾਂ ਖੇਡਾਂ ਨੂੰ ਫਜ਼ੂਲ ਐਲਾਨ ਦਿੱਤਾ ਹੈ।ਹੁਣ ਨਵੀਆਂ ਖੇਡਾਂ ਸਖਤ ਨਿਯਮਾਂ ਅਧੀਨ ਕੇਵਲ ਸਕੂਲਾਂ ਵਿੱਚ ਹੀ ਸੰਗਠਿਤ ਢੰਗ ਨਾਲ ਕਰਵਾਈਆਂ ਜਾਂਦੀਆਂ ਹਨ ਜਿਨ੍ਹਾਂ ਦਾ ਮਨੋਰਥ ਕੇਵਲ ਜਿੱਤ ਪ੍ਰਾਪਤ ਕਰਨਾ ਹੈ ਨਾਂ ਕਿ ਖੇਡਣਾ।ਇਹ ਖੇਡ ਮੁਕਾਬਲੇ ਹਨ ਜਿੱਥੇ ਖੇਡਾਂ ਕੇਵਲ ਤਮਗਿਆਂ ਅਤੇ ਸਰਟੀਫੀਕੇਟਾਂ ਲਈ ਖੇਡੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚੋਂ ਗੁਰਬਾਣੀ ਦੀ 'ਨਿਹਕਾਮ' ਅਤੇ 'ਖੇਲ ਖੇਲ' ਵਾਲੀ ਪਵਿੱਤਰ ਭਾਵਨਾ ਗਾਇਬ ਹੈ।

❊ ❊ ❊ ❊ ❊

## ਵਧਾਈ

ਨਿਊਜ਼ੀਲੈਂਡ ਦੀਆਂ ਸੰਸਦੀ ਚੋਣਾਂ ਵਿੱਚ ਤਿੰਨ ਭਾਰਤੀਆਂ ਨੇ ਜਿੱਤ ਹਾਸਲ ਕਰਕੇ ਆਪਣੇ ਬਜ਼ੁਰਗਾਂ ਦੇ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ। ਇਹ ਹਨ :-

- ਪੰਜਾਬ ਦੇ ਜਗਰਾਓਂ ਸ਼ਹਿਰ ਨਾਲ ਸਬੰਧਿਤ ਡਾ. ਪਰਮਜੀਤ ਪਰਮਾਰ ਜਿਸਨੇ ਦੂਜੀ ਵਾਰ ਇਹ ਚੋਣ ਜਿੱਤੀ ਹੈ। ਉਨ੍ਹਾਂ ਨੂੰ ਪਹਿਲੀ ਭਾਰਤੀ ਸੰਸਦ ਮੈਂਬਰ ਬਣਨ ਦਾ ਮਾਣ ਹਾਂਸਲ ਹੈ।
- ਦਿੱਲੀ ਦੇ ਜੰਮਪਲ ਸ. ਕੰਵਲਜੀਤ ਸਿੰਘ ਬਖਸ਼ੀ ਜੋ ਚੌਥੀ ਵਾਰ ਸੰਸਦ ਮੈਂਬਰ ਬਣੇ ਹਨ। ਉਹ ਪਹਿਲੇ ਸਿੱਖ ਮੈਂਬਰ ਹਨ।
- ਪ੍ਰਿਅੰਕਾ ਰਾਧਾ ਕ੍ਰਿਸ਼ਨਨ (38 ਸਾਲ) ਲੇਬਰ ਪਾਰਟੀ ਵਜੋਂ ਸੰਸਦ ਮੈਂਬਰ ਚੁਣੇ ਗਏ ਹਨ।



## ਨਸ਼ੇ

ਕੌਸ਼ੱਲਯਾ ਦੇਵੀ ਜੋਸ਼ੀ
ਰੂਪਨਗਰ

ਨਸ਼ਿਆਂ ਨੇ ਪੱਟ 'ਤੀ ਜਵਾਨੀ ਮੇਰੇ ਦੇਸ਼ ਦੀ।
ਕਿਹੜੀ ਕਿਹੜੀ ਦੱਸਾਂ ਮੈਂ ਕਹਾਣੀ ਏਸ ਦੇਸ਼ ਦੀ।
ਸੋਹਣੀ ਚਿੜੀ ਸੋਨੇ ਦੀ ਕਹਾਉਂਦਾ ਮੇਰਾ ਦੇਸ਼ ਸੀ।
ਨਸ਼ਿਆਂ ਨੇ ਰੋਲ 'ਤੀ ਰਵਾਨੀ ਮੇਰੇ ਦੇਸ਼ ਦੀ।

ਦੇਸ਼ ਦੇ ਜਵਾਨਾਂ ਦੀਆਂ ਜੇਬ੍ਹਾਂ ਲੁੱਟ ਲਈਆਂ ਨੇ।
ਘਰ ਦੇ ਬਜ਼ੁਰਗਾਂ ਦੀਆਂ ਖੁਸ਼ੀਆਂ ਮੁੱਕ ਗਈਆਂ ਨੇ।
ਸਭ ਨੂੰ ਏ ਬੜੀ ਪਰੇਸ਼ਾਨੀ ਮੇਰੇ ਦੇਸ਼ ਦੀ।
ਨਸ਼ਿਆਂ ਨੇ ਪੱਟ 'ਤੀ------------

ਨਿੱਕੇ ਨਿੱਕੇ ਬਾਲਾਂ ਦਾ ਭਵਿੱਖ ਰੁਲ ਗਿਆ ਏ।
ਭਗਤੀ, ਸੰਗੀਤ ਸਭ ਕੁੱਝ ਭੁਲ ਗਿਆ ਏ।
ਨਸ਼ਿਆਂ 'ਚ ਰੁਲ ਗਈ ਸਚਾਈ ਮੇਰੇ ਦੇਸ਼ ਦੀ।
ਨਸ਼ਿਆਂ ਨੇ ਪੱਟ 'ਤੀ--------------


ਕੁੜੀਆਂ ਨੇ ਸੂਟ ਛੱਡ, ਤੰਗ ਪੈਂਟਾਂ ਪਾ ਲਈਆਂ।
ਮੁੰਡਿਆਂ ਨੇ ਕੰਨਾਂ ਵਿੱਚ ਮੁਰਕੀਆਂ ਸਜਾ ਲਈਆਂ।
ਕਿਸੇ ਨੂੰ 'ਨੀ ਸ਼ਰਮ-ਹਯਾ ਇਸ ਭੇਸ ਦੀ।
ਨਸ਼ਿਆਂ ਨੇ ਪੱਟ 'ਤੀ------------

ਆਓ ਆਪਾਂ ਸਭ ਮਿਲ ਕਸਮਾਂ ਖਾਈਏ ਜੀ।
ਦੇਸ਼ ਨੂੰ ਨਸ਼ਿਆਂ ਤੋਂ ਮੁਕਤ ਕਰਾਈਏ ਜੀ।
ਇਹੀ ਹੋਵੇ ਸੱਚੀ ਕਹਾਣੀ ਮੇਰੇ ਦੇਸ਼ ਦੀ।
ਨਸ਼ਿਆਂ ਨੇ ਪੱਟ 'ਤੀ------------

❊ ❊ ❊ ❊ ❊

## ਵਧਾਈ

ਸੈਣੀ ਭਵਨ ਰੂਪਨਗਰ ਦੇ ਆਜੀਵਨ ਮੈਂਬਰ ਅਤੇ ਸਰਗਰਮ ਵਰਕਰ ਐਡਵੋਕੇਟ ਸ. ਹਰਸਿਮਰ ਸਿੰਘ ਪੁੱਤਰ ਸਵ.ਐਡਵੋਕੇਟ ਨਰਿੰਦਰ ਸਿੰਘ ਨੂੰ ਪੰਜਾਬ ਸਰਕਾਰ ਨੇ ਡਿਪਟੀ ਐਡਵੋਕੇਟ ਜਨਰਲ ਨਿਯੁਕਤ ਕਰਕੇ ਇਸ ਸੰਸਥਾ, ਰੂਪਨਗਰ ਅਤੇ ਸੈਣੀ ਬਰਾਦਰੀ ਦੀ ਸ਼ਾਨ ਵਧਾਈ ਹੈ।ਸ. ਹਰਸਿਮਰ ਸਿੰਘ ਦੇ ਪਰਿਵਾਰ ਨੂੰ ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ ਬਹੁਤ ਬਹੁਤ ਵਧਾਈ ਹੋਵੇ।ਸਾਨੂੰ ਸਭ ਨੂੰ ਆਪਣੇ ਇਸ ਨੌਜਵਾਨ ਕਾਨੂੰਨਦਾਨ 'ਤੇ ਅੰਤਾਂ ਦਾ ਮਾਣ ਹੈ। ਪਰਮਾਤਮਾ ਇਸ ਹੋਣਹਾਰ ਸਪੂਤ ਨੂੰ ਹੋਰ ਤਰੱਕੀਆਂ ਅਤੇ ਕਾਮਯਾਬੀਆਂ ਬਖਸ਼ੇ।



ਤੰਦਰੁਸਤੀ ਲਈ ਯੋਗ ਸਿੱਖਿਆ

# ਯੋਗ ਆਸਣ ਕਿਵੇਂ ਕਰੀਏ ?

ਰਾਜਿੰਦਰ ਸੈਣੀ
ਰੂਪਨਗਰ

26ਵੇਂ ਅੰਕ ਵਿੱਚ ਪਿੱਠ ਦੇ ਬਲ ਕੀਤੇ ਜਾਣ ਵਾਲੇ ਚੋਣਵੇਂ ਆਸਣ ਦਾ ਜ਼ਿਕਰ ਹੈ। ਇਸ ਅੰਕ ਵਿੱਚ ਮਹਾਨ ਕਿਰਿਆ 'ਹੱਸਣਾ' ਦਾ ਜ਼ਿਕਰ ਹੈ।

ਅੱਜ ਦਾ ਮਾਨਵ ਬਹੁਤ ਵਿਅਸਤ ਅਤੇ ਤਣਾਅਗ੍ਰਸਤ ਲਗਦਾ ਹੈ। ਜਾਣੋ ਉਹ ਹੱਸਣਾ ਹੀ ਭੁਲ ਗਿਆ ਹੈ। ਦੁੱਖ, ਦਰਦ ਅਤੇ ਦੂਸ਼ਿਤ ਵਾਤਾਵਰਨ ਨਾਲ ਉਸਦਾ ਜੀਵਨ ਅੰਧਕਾਰੀ, ਨਿਰਾਸ਼, ਹਤਾਸ਼ ਅਤੇ ਪੀੜਤ ਦਿਖਾਈ ਦਿੰਦਾ ਹੈ।

ਹੱਸਣਾ ਕੀ ਹੈ?

ਹੱਸਣਾ ਇਕ ਸੁਭਾਵਿਕ ਕਿਰਿਆ ਹੈ। ਜੋ ਇਨ੍ਹਾਂ ਸਾਰੀਆਂ ਭਿਅੰਕਰ ਪਰਿਸਥਿਤਿਆਂ ਨੂੰ ਪਲ ਭਰ ਵਿੱਚ ਚਰਨਾਚੂਰ ਕਰ ਦਿੰਦੀ ਹੈ। ਸਾਜ਼ੇ ਸਰੀਰ ਦੀਆਂ ਸਾਰੀਆਂ ਪ੍ਰਣਾਲੀਆਂ ਉੱਤੇ ਇਸ ਅਲਪਕਾਲੀਨ ਕਿਰਿਆਂ ਦਾ ਬੜਾ ਚਮਤੱਕਾਰੀ ਪ੍ਰਭਾਵ ਪੈਂਦਾ ਹੈ। ਹੱਸਣਾ ਇਕ ਵਰਦਾਨ ਹੈ। ਜੋ ਕੇਵਲ ਮਨੁੱਖਾਂ ਨੂੰ ਹੀ ਮਿਲਿਆਂ ਹੈ ਅਤੇਬ ਉਹ ਵੀ ਧਨੀ ਵਿਅਕਤੀਆਂ ਨੂੰ ਹੀ।

ਘਬਰਾਓ ਨਹੀਂ। ਧਨੀ ਵਾਸਤਵ ਵਿੱਚ ਉਹ ਹੈ, ਜੋ ਖੁਸ਼ ਰਹਿਣਾ ਜਾਣਦਾ ਹੈ। ਜਿਸਦੇ ਕੋਲ ਪੈਸਾ ਹੈ ਲੇਕਿਨ ਉਹ ਨਾ ਤਾਂ ਉਸਦਾ ਉਪਯੋਗ ਕਰ ਸਕਦਾ ਹੈ ਤੇ ਨਾ ਹੀ ਉਹ ਇਸ ਪੈਸੇ ਨੂੰ ਸਮਾਜ ਦੇ ਉਪਯੋਗ ਦੀ ਵਸਤੂ ਬਣਾਉਂਦਾ ਹੈ। ਉਹ ਧਨੀ ਕਿੱਥੇ ਹੈ? ਧਨ ਤੁਹਾਡੀ ਪ੍ਰਸੰਨਤਾ ਹੈ, ਉਤਸਾਹ ਹੈ, ਪ੍ਰਾਨ ਸ਼ਕਤੀ ਹੈ, ਜਿਸ ਦੇ ਪ੍ਰਾਪਤ ਹੋਣ ਨਾਲ ਤੁਸੀਂ ਸਾਰੀਆਂ ਖੁਸ਼ੀਆ ਪ੍ਰਾਪਤ ਕਰ ਸਕਦੇ ਹੋ। ਇਹ ਤਾਂ ਹੋਈ ਸੰਸਾਰ ਦੀ ਗੱਲ।

ਲੇਕਿਨ ਸਚਾਈ ਦੀ ਗੱਲ ਇਹ ਹੈ ਕਿ ਅੰਨਦ ਦੀ ਧਾਰਾ, ਜੋ ਸਾਡੇ ਅੰਦਰ ਹਮੇਸ਼ਾ ਸੁਭਾਵਿਕ ਰੂਪ ਵਿੱਚ ਪ੍ਰਗਟ ਹੋ ਰਹੀ ਹੈ, ਉਸ ਦਾ ਆਧਾਰ ਤਾਂ ਪ੍ਰਸੰਨਤਾ ਹੈ।ਪ੍ਰਸੰਨਤਾ ਨਿਰੰਤਰ ਹਾਸੇ ਨਾਲ ਪ੍ਰਗਟ ਹੁੰਦੀ ਹੈ। ਅਭਿਆਸ ਨਾਲ ਉਪਜਦੀ ਹੈ। ਹਸਦੇ-ਹਸਦੇ ਸਾਨੂੰ ਇਹ ਰਹੱਸ ਪ੍ਰਾਪਤ ਹੁੰਦਾ ਹੈ ਕਿ ਜੋ ਹਾਸੇ ਦਾ ਵਿਵਹਾਰ ਅਸੀਂ ਸਥੂਲ ਰੂਪ ਨਾਲ ਕਰਦੇ ਸੀ ਉਹ ਹੁਣ ਅੰਤਰੀਵੀਂ ਰੂਪ ਵਿੱਚ ਹੋਣ ਲਗਿਆ ਹੈ। ਅੰਤਰੰਗ ਹਾਸੇ ਦਾ ਦੂਜਾ ਨਾਮ ਪ੍ਰਸੰਨਤਾ ਹੈ। ਇਹ ਮਨ ਨਾਲ ਸਬੰਧਿਤ ਹੈ।ਲੰਬੇ ਸਮੇਂ ਤੱਕ ਇਹ ਅਵਸਥਾ ਬਣਾਈ ਰੱਖਣ ਨਾਲ ਇਹ ਸਮਰੱਥਾ ਆਉਂਦੀ ਹੈ ਕਿ ਮੈਂ ਉਸ ਅਨੰਦ ਦੀ ਧਾਰਾ ਦੇ ਨਾਲ ਜੋ ਨਿਰੰਤਰ ਵਹਿੰਦੀ ਹੈ. ਜਿਸ ਵਿੱਚ ਸੰਸਾਰਿਕ ਰੁਕਾਵਟਾਂ ਆਉਂਦੀਆਂ ਰਹਿੰਦੀਆਂ ਹਨ, ਉਨ੍ਹਾਂ ਰੁਕਾਵਟਾਂ ਨੂੰ ਮਿਟਾ ਕੇ ਉਸ ਅੰਨਦ ਧਾਰਾ ਵਿੱਚ ਮਿਲ ਜਾਵਾਂ।

ਹਾਸੇ ਦੇ ਤੇਜ਼ ਵਾਲਾ ਚਿਹਰਾ ਆਕਰਸ਼ਣ ਦਾ ਬਿੰਦੂ ਬਣਦਾ ਹੈ। ਜਦ ਕਿ ਇਸਦੇ ਅਭਾਵ ਵਿੱਚ ਕੋਈ ਉਸ ਕੋਲ ਆਉਣਾ ਵੀ ਪਸੰਦ ਨਹੀਂ ਕਰੇਗਾ। ਤੁਸੀਂ ਆਪ ਸੋਚੋ ਕਿ ਜਿਸ ਕੰਮ ਨੂੰ ਤੁਸੀਂ ਪੇਟ ਪਾਲਣ ਲਈ ਅਪਣਾਉਂਦੇ ਹੋ, ਉਸ ਦੀ ਸਫਲਤਾ ਦਾ ਕੀ ਰਹੱਸ ਹੈ। ਵਪਾਰੀ ਜੇਕਰ ਗ੍ਰਾਹਕਾਂ ਨਾਲ ਪ੍ਰਸੰਨਤਾ ਦਾ ਵਿਵਹਾਰ ਕਰੇਗਾ ਤਾਂ ਨਿਸੰਦੇਹ ਉਸਦੀ ਦੁਕਾਨ 'ਤੇ ਜ਼ਿਆਦਾ ਗ੍ਰਾਹਕ ਆਉਂਣਗੇ। ਨੌਕਰੀ ਕਰਨ ਵਾਲੇ ਵਿਅਕਤੀ ਆਪਣੇ ਉੱਚ ਅਧਿਕਾਰੀਆਂ ਅਤੇ ਸਾਥੀਆਂ ਨਾਲ ਪ੍ਰਸੰਨਤਾ ਦਾ ਵਿਵਹਾਰ ਕਰਕੇ ਇੱਜ਼ਤ ਪ੍ਰਾਪਤ ਕਰਦਾ ਹੈ। ਉਸਦੀ ਸਾਖ ਚੰਗੀ ਬਣਦੀ ਹੈ।ਇੱਕ ਗ੍ਰਿਹਿਸਥੀ ਜੇ ਪ੍ਰਸੰਨਤਾ ਨੂੰ ਹਮੇਸ਼ਾ ਸਥਾਨ ਦਿੰਦਾ ਹੈ ਤਾਂ ਉਸ ਦਾ ਘਰ ਸਵਰਗ ਬਣ ਜਾਂਦਾ ਹੈ। ਡਾਕਟਰ ਦੀ ਛੋਟੀ ਜਿਹੀ ਮੁਸਕਰਾਹਟ ਨਾਲ ਮਰੀਜ਼ ਦਾ ਅੱਧਾ ਰੋਗ ਤਾਂ ਉਂਝ ਹੀ ਭੱਜ ਜਾਂਦਾ ਹੈ।



ਹੁਣ ਤੁਹਾਨੂੰ ਨਿਸ਼ਚਿਤ ਹੋ ਗਿਆ ਹੋਵੇਗਾ ਕਿ ਹਾਸੇ ਦਾ ਜੀਵਨ ਵਿੱਚ ਕਿੰਨਾ ਪ੍ਰਭਾਵ ਹੈ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਇਸ ਮੁਦਰਾ ਵਿੱਚ ਸਾਡੇ ਸਾਰੇ ਸਥੂਲ ਅਤੇ ਸੂਖਮ ਸਰੀਰ ਦੇ ਅੰਗ ਸੁਭਾਵਿਕ ਸਥਿਤੀ ਵਿੱਚ ਆਓਣ ਨਾਲ ਉਨ੍ਹਾਂ ਵਿੱਚ ਕਾਰਜ ਸ਼ਕਤੀ ਵੱਧ ਜਾਂਦੀ ਹੈ।ਆਓ! ਅਸੀ ਸਿਰਫ ਇਕ ਹੀ ਮਿੰਟ ਦੇ ਅਭਿਆਸ ਵਿੱਚ ਇਸ ਮਹਾਨ ਕਿਰਿਆ ਨੂੰ ਆਪਣੇ ਦੈਨਿਕ ਜੀਵਨ ਦੇ ਸਾਧਨਾ ਕ੍ਰਮ ਵਿੱਚ ਜੋੜ ਲਈਏ ਅਤੇ ਇਸ ਨੂੰ ਅਪਨਾ ਕੇ ਤਣਾਅ ਮੁਕਤ ਹੋਈਏ। ਚਿਹਰੇ ਦੇ ਤੇਜ ਨੂੰ ਵਧਾਇਏ ਅਤੇ ਆਪਣੇ ਸਰੀਰ ਦੇ ਇੱਕ-ਇੱਕ ਕੋਸ਼ਾਣੂ ਨੂੰ ਜੀਵਤ ਕਰ ਦਈਏ।

ਹਾਸੇ ਦੇ ਚਾਰ ਰੂਪ

(1) ਮੁਸਕਰਾਹਟ- ਚਿਹਰੇ ਉੱਤੇ ਇੱਕ ਪ੍ਰਸੰਨਤਾ ਦੀ ਲਹਿਰ ਦਾ ਅਨੁਭਵ ਕਰਨਾ।

(2) ਬੰਦ ਹਾਸਾ- ਹੋਂਠ ਬੰਦ ਰਹਿਣ ਪਰੰਤੂ ਹਾਸੇ ਦੇ ਫੁਹਾਰ ਅੰਦਰ ਹੀ ਅੰਦਰ ਫੁੱਟਣ।

(3) ਮੂਕ ਹਾਸਾ- ਮੂੰਹ ਚਾਹੇ ਪੂਰਾ ਖੁੱਲ੍ਹੇ, ਹਾਸੇ ਦੀਆਂ ਲਹਿਰੀਆਂ ਵੀ ਆਓਣ, ਪਰੰਤੂ ਅਵਾਜ਼ ਨਾ ਆਵੇ।


(4) ਅਠਹਾਸ (ਠਹਾਕਾ)- ਇਹ ਮੁਕਤ ਹਾਸਾ ਹੈ। ਸਾਰੇ ਬੰਧਨ ਅਤੇ ਸੰਕੋਚਾਂ ਨੂੰ ਛੱਡ ਕੇ ਕੀਤਾ ਜਾਂਦਾ ਹੈ। ਇਸ ਵਿੱਚ ਅਸੀਂ ਮਧੁਰ ਸਵਰ ਅਤੇ ਮਸਤੀ ਦੇ ਨਾਲ ਹੱਸਦੇ ਹਾਂ।

ਇਸ ਕਿਰਿਆ ਵਿੱਚ ਵਿਸੇਸ਼ ਧਿਆਨਯੋਗ ਗੱਲ ਇਹ ਹੈ ਕਿ ਹਾਸੇ ਦਾ ਪ੍ਰਯੋਗ ਆਪਣੇ ਅਤੇ ਦੂਜਿਆਂ ਦੀ ਖੁਸ਼ੀ ਦੇ ਲਈ ਹੀ ਕਰੋਂ। ਕਿਸੇ ਨੂੰ ਚਿੜਾਉਣ ਦੇ ਲਈ ਨਹੀਂ। ਨਹੀਂ ਤਾਂ ਇਸਦੇ ਸਾਰੇ ਲਾਭ ਹਾਨੀ ਵਿੱਚ ਬਦਲ ਜਾਣਗੇ।

ਮਾਪਿਆਂ ਲਈ ਲਾਭਕਾਰੀ ਜਾਣਕਾਰੀ

## ਕੇਂਦਰ ਸਰਕਾਰ ਦੀਆਂ ਵਜ਼ੀਫ਼ਾ ਸਕੀਮਾਂ

ਰਾਜਿੰਦਰ ਸਿੰਘ
ਸੈਣੀ ਭਵਨ, ਰੂਪਨਗਰ



ਕੇਂਦਰ ਸਰਕਾਰ ਨੇ ਘੱਟ-ਗਿਣਤੀ ਕੌਮਾਂ (ਸਿੱਖ, ਮੁਸਲਿਮ, ਈਸਾਈ, ਪਾਰਸੀ, ਜੈਨੀ, ਬੋਧੀ ) ਦੇ ਵਿਦਿਆਰਥੀਆਂ ਦੀ ਪੜ੍ਹਾਈ ਲਈ ਤਿੰਨ ਵਜ਼ੀਫਾ ਸਕੀਮਾਂ ਚਾਲੂ ਕੀਤੀਆਂ ਹਨ ਜੋ ਹੇਠ ਪ੍ਰਕਾਰ ਹਨ:

ਇਨ੍ਹਾਂ ਸਕੀਮਾਂ ਲਈ ਸਾਂਝੀਆਂ ਸ਼ਰਤਾਂ ਇਹ ਹਨ :

ਪਿਛਲੀ ਸ਼੍ਰੇਣੀ ਵਿੱਚ ਪ੍ਰਾਪਤ ਅੰਕ ਘੱਟੋ ਘੱਟ 50% ਅਤੇ ਸੰਸਥਾ, ਸਰਕਾਰੀ ਜਾਂ ਸਰਕਾਰ ਤੋਂ ਪ੍ਰਵਾਨਿਤ ਹੋਵੇ

### ਪ੍ਰੀ-ਮੈਟ੍ਰਿਕ ਸਕੀਮ

ਸ਼੍ਰੇਣੀ- ਪਹਿਲੀ ਤੋਂ ਦਸਵੀਂ ਜਮਾਤ।

ਮਾਪਿਆਂ ਦੀ ਆਮਦਨ- ਇੱਕ ਲੱਖ ਰੁਪਏ ਸਾਲਾਨਾ ਜਾਂ ਇਸ ਤੋਂ ਘੱਟ

ਵਜ਼ੀਫ਼ੇ ਦੀ ਸਾਲਾਨਾ ਰਕਮ- ਪੰਜਵੀਂ ਤੱਕ- 1000 ਰੁਪਏ, ਛੇਵੀਂ ਤੋਂ ਦਸਵੀਂ ਤੱਕ- 5900 ਰੁਪਏ

ਬਿਨੈ-ਪੱਤਰ ਭੇਜਣ ਦਾ ਢੰਗ- ਸਕੂਲ ਰਾਹੀਂ

### ਪੋਸਟ-ਮੈਟ੍ਰਿਕ ਸਕੀਮ

ਸ਼੍ਰੇਣੀ- ਗਿਆ੍ਰਵੀਂ ਤੋਂ ਪੀ.ਐਚ.ਡੀ. ਤੱਕ।

ਮਾਪਿਆਂ ਦੀ ਆਮਦਨ- ਦੋ ਲੱਖ ਰੁਪਏ ਸਾਲਾਨਾ ਜਾਂ ਇਸ ਤੋਂ ਘੱਟ

ਵਜ਼ੀਫ਼ੇ ਦੀ ਸਾਲਾਨਾ ਰਕਮ-ਗਿਆ੍ਰਵੀਂ, ਬਾ੍ਰਵੀਂ (ਨਾਨ ਟੈਕਨੀਕਲ)- 9300/, ਗਿਆ੍ਰਵੀਂ, ਬਾ੍ਰਵੀਂ (ਵੋਕੇਸ਼ਨਲ)- 12300 /

ਅੰਡਰਗ੍ਰੈਜੂਏਟ ਅਤੇ ਪੋਸਟਗ੍ਰੈਜੂਏਟ- 6000/ , ਐਮ.ਫਿਲ ਅਤੇ ਪੀ.ਐਚ.ਡੀ.-ਹੋਸਟਲਰ-12000/ , ਡੇਅ ਸਕਾਲਰ-5500/

ਬਿਨੈ-ਪੱਤਰ ਭੇਜਣ ਦਾ ਢੰਗ- ਆਨਲਾਈਨ www.http://minorityaffairs.gov.in/

### ਮੈਰਿਟ-ਕਮ-ਮੀਨਜ਼ ਸਕੀਮ ( ਵਜ਼ੀਫ਼ੇ = 60000)

ਸ਼੍ਰੇਣੀ- ਤਕਨੀਕੀ ਅਤੇ ਪ੍ਰੋਫੈਸ਼ਨਲ ਕੋਰਸਾਂ ਵਿੱਚ ਡਿਗਰੀ / ਪੋਸਟ ਗ੍ਰੈਜੂਏਟ ਪੱਧਰ ਲਈ

ਮਾਪਿਆਂ ਦੀ ਆਮਦਨ- ਦੋ ਲੱਖ ਪੰਜਾਹ ਹਜ਼ਾਰ ਰੁਪਏ ਸਾਲਾਨਾ ਜਾਂ ਇਸ ਤੋਂ ਘੱਟ

ਵਜ਼ੀਫ਼ੇ ਦੀ ਸਾਲਾਨਾ ਰਕਮ- ਹੋਸਟਲਰ- 30000/ , ਡੇਅ ਸਕਾਲਰ- 25000/

### ਵਜ਼ੀਫੇ ਲਈ ਚੋਣ ਦਾ ਢੰਗ- ਮੈਰਿਟ

ਬਿਨੈ-ਪੱਤਰ ਭੇਜਣ ਦਾ ਢੰਗ- ਅਨ ਲਾਈਨ www.http://minorityaffairs.gov.in/

Full Course- Fee will be reimbursed in 70 National level Prestigious institutions

For more detail Contact- Director of Welfare SC/BC/Minorities,Govt.of Pb.SCO 142-149, Sec. 34A Chandigarh Ph.18001370015

❊ ❊ ❊ ❊ ❊

## ਪੰਜਾਬ ਦੀ ਮਾਣਮੱਤੀ ਧੀ



ਪੰਜਾਬ ਦੇ ਪਿੰਡ ਦੁਨੇਕੇ ਜ਼ਿਲ੍ਹਾ ਮੋਗਾ ਦੀ ਵਸਨੀਕ ਹਰਮਨਪ੍ਰੀਤ ਕੌਰ ਨੇ ਇੰਗਲੈਂਡ ਵਿੱਚ ਮਹਿਲਾ ਕ੍ਰਿਕਟ ਵਿਸ਼ਵ ਕੱਪ ਦੇ ਸੈਮੀਫਾਈਨਲ ਮੈਚ ਵਿੱਚ ਅਸਟ੍ਰੇਲੀਆ ਵਿਰੁੱਧ ਖੇਡਦਿਆਂ ਨਾਬਾਦ 171 ਦੌੜਾਂ ਬਣਾ ਕੇ ਸਾਰੀ ਦੁਨੀਆਂ ਵਿੱਚ ਪੰਜਾਬੀਆਂ ਦਾ ਨਾਮ ਉੱਚਾ ਕੀਤਾ ਹੈ। ਉਸ ਨੇ ਇੰਨੀਆਂ ਦੌੜਾਂ 115 ਗੇਂਦਾਂ 'ਤੇ 7 ਛੱਕੇ ਅਤੇ 20 ਚੌਕੇ ਮਾਰ ਕੇ ਬਣਾਈਆਂ।ਇਹ ਮੈਚ ਭਾਰਤ ਨੇ 36 ਦੌੜਾਂ ਦੀ ਲੀਡ ਨਾਲ ਜਿੱਤ ਕੇ ਫਾਈਨਲ ਵਿੱਚ ਆਪਣੀ ਜਗ੍ਹਾ ਬਣਾਈ।ਵਿਸ਼ਵ ਕੱਪ ਦੇ ਫਾਈਨਲ ਮੈਚ ਵਿੱਚ ਵੀ ਹਰਮਨਪ੍ਰੀਤ ਨੇ ਮੇਜ਼ਬਾਨ ਇੰਗਲੈਂਡ ਟੀਮ ਖਿਲਾਫ 51 ਦੌੜਾਂ ਦੀ ਸ਼ਾਨਦਾਰ ਪਾਰੀ ਖੇਡੀ। ਭਾਵੇਂ ਕਿ ਭਾਰਤੀ ਟੀਮ ਕੇਵਲ 10 ਦੌੜਾਂ ਦੇ ਫਰਕ ਨਾਲ ਵਿਸ਼ਵ ਕੱਪ ਤੋਂ ਵਾਂਝੀ ਰਹਿ ਗਈ ਪਰੰਤੂ ਭਾਰਤੀ ਕੁੜੀਆਂ ਨੇ ਜੋ ਜੌਹਰ ਦਿਖਾਏ ਇਸ ਲਈ ਉਹ ਵਧਾਈ ਦੀਆਂ ਪਾਤਰ ਹਨ।ਸਾਰੇ ਭਾਰਤੀਆਂ ਨੂੰ ਇਨ੍ਹਾਂ ਮੁਟਿਆਰਾਂ 'ਤੇ ਅਥਾਹ ਮਾਣ ਹੈ।ਉਸ ਨੂੰ ਭਾਰਤ ਸਰਕਾਰ ਨੇ ਅਰਜੁਣ ਐਵਾਰਡ ਨਾਲ ਸਨਮਾਨਿਤ ਕੀਤਾ ਹੈ। ਪੰਜਾਬ ਸਰਕਾਰ ਨੇ ਵੀ ਉਸ ਦੀ ਕਾਬਲੀਅਤ ਦੀ ਕਦਰ ਕਰਦਿਆਂ ਪੁਲਿਸ ਵਿੱਚ ਡੀ.ਐਸ.ਪੀ. ਭਰਤੀ ਕਰਨ ਦਾ ਫੈਸਲਾ ਲਿਆ ਹੈ।

❊ ❊ ❊ ❊ ❊

## ਮਹੱਤਵਪੂਰਨ ਪ੍ਰਾਪਤੀ

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਸੈਣੀ ਭਵਨ ਰੂਪਨਗਰ, ਭਾਰਤ ਸਰਕਾਰ ਦੇ ਨੀਤੀ (NITI) ਆਯੋਗ ਨਾਲ ਰਜਿਸਟਰ (ਨੰ. PB/2017/0155335) ਹੋ ਗਿਆ ਹੈ।

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

# ਸੈਣੀ ਸੰਸਾਰ
# Saini Sansar

October-December 2017

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ